PAIGAM-E-JAGAT

ਪੈ.ਗਾਮ-ਏ-ਜਗਤ

ਸਬਰ ਅਤੇ ਅਨੁਸ਼ਾਸਨ ਜੀਵਨ ਨੂੰ ਮਜ਼ਬੂਤ ਅਤੇ ਸੰਗਠਿਤ ਬਣਾਉਂਦੇ ਹਨ।
- ਆਚਾਰੀਆ ਚਾਣਕਿਆ

Title code : CHAMUL00914 | E-mail : Info@paigamejagat.com | 19 ਤੋਂ 25 ਨਵੰਬਰ, 2026, ਸਾਲ-4, ਅੰਕ-16, ਚੰਡੀਗੜ੍ਹ, ਮੁੱਖ ਸੰਪਾਦਕ : ਦਵਿੰਦਰ ਕੁਮਾਰ, ਸੰਪਰਕ-9878862733, 9872340701

ਹੁਸ਼ਿਆਰਪੁਰ ਕੇਂਦਰੀ ਜੇਲ੍ਹ 'ਚ ਹਵਾਲਾਤੀ ਵੱਲੋਂ 'ਖੁਦਕੁਸ਼ੀ'

ਹੁਸ਼ਿਆਰਪੁਰ - ਇੱਥੋਂ ਦੀ ਕੇਂਦਰੀ ਜੇਲ੍ਹ ਵਿੱਚ ਕਥਿਤ ਤੌਰ 'ਤੇ ਖੁਦਕੁਸ਼ੀ ਕਰਨ ਵਾਲੇ ਇੱਕ ਹਵਾਲਾਤੀ ਦੇ ਪਰਿਵਾਰਕ ਮੈਂਬਰਾਂ ਅਤੇ ਸਮਰਥਕਾਂ ਨੇ ਬੁੱਧਵਾਰ ਨੂੰ ਜੇਲ੍ਹ ਪ੍ਰਸ਼ਾਸਨ ਖਿਲਾਫ ਪ੍ਰਦਰਸ਼ਨ ਕੀਤਾ। ਪਰਿਵਾਰ ਦਾ ਦੋਸ਼ ਹੈ ਕਿ ਉਨ੍ਹਾਂ ਨੂੰ ਮੌਤ ਬਾਰੇ ਦਿੱਤੀ ਗਈ ਜਾਣਕਾਰੀ ਵਿੱਚ ਹੇਰਾਫੇਰੀ ਕੀਤੀ ਗਈ ਹੈ। ਉਨ੍ਹਾਂ ਨੇ ਪੁਲੀਸ ਅਤੇ ਜੇਲ੍ਹ ਅਧਿਕਾਰੀਆਂ ਖ਼ਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਮ੍ਰਿਤਕ ਦੀ ਪਛਾਣ ਕ੍ਰਿਸ਼ਨ ਕੁਮਾਰ ਵਾਸੀ ਪਿੰਡ ਬੋਰਾ, ਜ਼ਿਲ੍ਹਾ ਹੁਸ਼ਿਆਰਪੁਰ ਵਜੋਂ ਹੋਈ ਹੈ। ਉਹ ਗੜ੍ਹਸ਼ੰਕਰ ਪੁਲੀਸ ਸਟੇਸ਼ਨ ਵਿੱਚ ਐੱਨ ਡੀ ਪੀ ਐੱਸ ਐਕਟ ਤਹਿਤ ਦਰਜ ਇੱਕ ਮਾਮਲੇ ਵਿੱਚ ਜੇਲ੍ਹ 'ਚ ਬੰਦ ਸੀ। ਸੈਂਟਰਲ ਜੇਲ੍ਹ ਦੇ ਸੁਪਰਡੈਂਟ ਹਰਚਰਨ ਸਿੰਘ ਗਿੱਲ ਅਨੁਸਾਰ, ਇਹ ਘਟਨਾ ਮੰਗਲਵਾਰ ਸ਼ਾਮ ਕਰੀਬ 6 ਵਜੇ ਸਾਹਮਣੇ ਆਈ ਜਦੋਂ ਜੇਲ੍ਹ ਅਧਿਕਾਰੀਆਂ ਨੂੰ ਸੂਚਨਾ ਮਿਲੀ ਕਿ ਇੱਕ ਕੈਦੀ ਨੇ ਬੈਰਕ ਦੇ ਬਾਹਰ ਵਾਰਡ ਨੇੜੇ ਮੁੱਖ ਕੰਧ ਨਾਲ ਕੱਪੜੇ (ਬਾਕੀ ਸਫ਼ਾ 2 'ਤੇ)

ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਨੂੰ ਅੱਗੇ ਵਧਾ ਰਿਹਾ ਡੇਰਾ ਬੱਲਾਂ : ਨਿਤਿਨ ਨਬੀਨ

'ਸਮਰਸਤਾ ਸੰਕਲਪ ਯਾਤਰਾ' ਦੀ ਕੀਤੀ ਸ਼ੁਰੂਆਤ, ਵਿਕਸਤ ਭਾਰਤ ਲਈ ਵਿਕਸਤ ਪੰਜਾਬ ਬਣਾਉਣਾ ਜ਼ਰੂਰੀ : ਨਿਤਿਨ ਨਬੀਨ

ਜਲੰਧਰ, 18 ਨਵੰਬਰ (ਪੈ.ਗਾਮ-ਏ-ਜਗਤ)

ਭਾਜਪਾ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਬੀਨ ਬੁੱਧਵਾਰ ਨੂੰ ਪੰਜਾਬ ਦੇ ਜਲੰਧਰ ਪਹੁੰਚੇ, ਜਿੱਥੇ ਉਨ੍ਹਾਂ ਨੇ ਗੁਰੂ ਰਵਿਦਾਸ ਦੀ 650ਵੀਂ ਜਯੰਤੀ ਮਨਾਉਣ ਲਈ ਪਾਰਟੀ ਦੀ 16 ਦਿਨਾਂ ਦੀ 'ਸਮਰਸਤਾ ਸੰਕਲਪ ਯਾਤਰਾ' ਨੂੰ ਜਲੰਧਰ ਤੋਂ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਇਹ ਯਾਤਰਾ 18 ਨਵੰਬਰ ਨੂੰ ਸ਼ੁਰੂ ਹੋ ਕੇ 7 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚੋਂ ਲੰਘੇਗੀ। ਕੁੱਲ 2,402 ਕਿਲੋਮੀਟਰ ਦੀ ਦੂਰੀ ਤੈਅ ਕਰਨ ਤੋਂ ਬਾਅਦ, ਯਾਤਰਾ 3 ਦਸੰਬਰ ਨੂੰ ਕਾਸ਼ੀ ਵਿੱਚ ਸਮਾਪਤ ਹੋਵੇਗੀ। ਇਸ ਰਾਹੀਂ ਸੰਤ ਗੁਰੂ ਰਵਿਦਾਸ ਜੀ ਦੇ 'ਬੇਗਮਪੁਰਾ' ਅਤੇ ਸਮਾਜਿਕ ਸਮਾਨਤਾ ਦਾ ਸੰਦੇਸ਼ ਲੋਕਾਂ ਤੱਕ ਪਹੁੰਚਾਇਆ ਜਾਵੇਗਾ।

ਇਸ ਦੌਰਾਨ ਇੱਕ ਇਕੱਠ ਨੂੰ



ਸੰਬੋਧਨ ਕਰਦਿਆਂ ਉਨ੍ਹਾਂ ਨੇ ਰਾਹੁਲ ਗਾਂਧੀ ਦੇ ਅਮਰੀਕਾ ਦੌਰੇ ਤੇ ਤੰਜ ਕੱਸਿਆ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਵਿਦੇਸ਼ ਜਾ ਕੇ ਭਾਰਤ ਦੀ ਸਾਖ ਨੂੰ ਖਰਾਬ ਕਰਦੇ ਹਨ। ਉਹ ਭਾਰਤ ਦੀ ਆਰਥਿਕਤਾ ਨੂੰ ਡਿਜਾਸਟਰ ਕਹਿੰਦੇ ਹਨ, ਪਰ ਭਾਰਤ ਦੀ ਨਹੀਂ, ਰਾਹੁਲ ਗਾਂਧੀ ਦੀ ਮਾਨਸਿਕਤਾ ਹੀ ਡਿਜਾਸਟਰ ਹੈ। ਧਿਆਨਯੋਗ ਹੈ ਕਿ ਰਾਹੁਲ ਗਾਂਧੀ ਨੇ ਮੰਗਲਵਾਰ ਨੂੰ ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਵਿੱਚ ਇੱਕ ਪ੍ਰੋਗਰਾਮ ਦੌਰਾਨ ਕਿਹਾ ਸੀ ਕਿ ਭਾਰਤ ਆਰਥਿਕ ਆਫ਼ਤ ਜਾਂ ਡਿਜਾਸਟਰ ਦੇ ਕੰਢੇ 'ਤੇ ਹੈ।

ਇਸ ਤੋਂ ਪਹਿਲਾਂ, ਨਿਤਿਨ ਨਬੀਨ ਨੇ ਜਲੰਧਰ ਦੇ ਡੇਰਾ ਸੱਚਖੰਡ ਬੱਲਾਂ ਵਿਖੇ ਸੰਤ ਗੁਰੂ ਰਵਿਦਾਸ ਜੀ ਦੇ ਮੰਦਰ ਵਿੱਚ ਮੱਥਾ ਟੇਕਿਆ ਅਤੇ ਸੰਤ ਨਿਰੰਜਣ ਦਾਸ ਨਾਲ ਮੁਲਾਕਾਤ ਕੀਤੀ।ਇਸ ਤੋਂ ਬਾਅਦ ਭਾਜਪਾ ਪ੍ਰਧਾਨ ਨੇ ਗੁਰੂ ਰਵਿਦਾਸ ਜੀ ਦੀ 650ਵੀਂ ਜਯੰਤੀ ਮਨਾਉਣ ਲਈ ਭਾਜਪਾ ਦੀ 16 ਦਿਨਾਂ "ਸਮਰਸਤਾ ਸੰਕਲਪ ਯਾਤਰਾ"ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਹ ਯਾਤਰਾ 18 ਨਵੰਬਰ ਨੂੰ ਸ਼ੁਰੂ ਹੋ ਕੇ 7 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚੋਂ ਲੰਘੇਗੀ ਕੁੱਲ 2,402 ਕਿਲੋਮੀਟਰ ਦੀ ਦੂਰੀ ਤੈਅ ਕਰਨ ਤੋਂ ਬਾਅਦ, ਯਾਤਰਾ 3 ਦਸੰਬਰ ਨੂੰ ਕਾਸ਼ੀ ਵਿੱਚ ਸਮਾਪਤ ਹੋਵੇਗੀ। ਇਸ ਰਾਹੀਂ ਸੰਤ ਗੁਰੂ ਰਵਿਦਾਸ ਜੀ ਦੇ 'ਬੇਗਮਪੁਰਾ' ਅਤੇ ਸਮਾਜਿਕ ਸਮਾਨਤਾ ਦਾ ਸੰਦੇਸ਼ ਲੋਕਾਂ ਤੱਕ ਪਹੁੰਚਾਇਆ ਜਾਵੇਗਾ।

ਭਾਜਪਾ ਦੇ ਰਾਸ਼ਟਰੀ ਪ੍ਰਧਾਨ ਨੇ ਕਿਹਾ ਕਿ ਗੁਰੂ ਰਵਿਦਾਸ ਨੇ ਇੱਕ ਅਜਿਹੇ ਰਾਜ ਦੀ ਕਲਪਨਾ ਕੀਤੀ ਸੀ ਜਿੱਥੇ ਹਰ ਕੋਈ ਖੁਸ਼ ਹੋਵੇ ਅਤੇ ਕੋਈ ਵੀ ਭੁੱਖਾ ਨਾ ਰਹੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪ੍ਰਧਾਨ ਮੰਤਰੀ ਆਵਾਸ ਯੋਜਨਾ, ਗਰੀਬ ਕਲਿਆਣ ਅੰਨ ਯੋਜਨਾ ਅਤੇ ਆਯੁਸ਼ਮਾਨ ਭਾਰਤ ਵਰਗੀਆਂ ਯੋਜਨਾਵਾਂ ਰਾਹੀਂ ਸਮਾਜ ਦੇ ਹਰ ਵਰਗ ਨੂੰ ਲਾਭ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਜ਼ਰੂਰੀ ਹੈ (ਬਾਕੀ ਸਫ਼ਾ 2 'ਤੇ)

ਦਿੱਲੀ ਵਿੱਚ ਬੇਅਦਬੀ ਦਾ ਮਾਮਲਾ

ਜਥੇਦਾਰ ਵੱਲੋਂ ਪ੍ਰਬੰਧਕ ਅਤੇ ਦਿੱਲੀ ਕਮੇਟੀ ਮੈਂਬਰ ਤਲਬ



ਅੰਮ੍ਰਿਤਸਰ, 18 ਨਵੰਬਰ (ਪੈ.ਗਾਮ-ਏ-ਜਗਤ)

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਦਿੱਲੀ ਦੇ ਤਿਲਕ ਨਗਰ ਸਥਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਹਿਬਪੁਰਾ ਵਿਖੇ ਵਾਪਰੀ ਬੇਅਦਬੀ ਦੀ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।

ਇਸ ਮਾਮਲੇ ਵਿੱਚ ਤੁਰੰਤ ਨੋਟਿਸ ਲੈਂਦਿਆਂ ਜਥੇਦਾਰ ਗੜਗੱਜ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਿੱਲੀ ਸਿੱਖ ਮਿਸ਼ਨ ਰਾਹੀਂ ਘਟਨਾ ਸਬੰਧੀ ਰਿਪੋਰਟ ਪ੍ਰਾਪਤ ਕੀਤੀ ਹੈ। ਦਿੱਲੀ ਦੀ ਸਿੱਖ ਸੰਗਤ ਵੱਲੋਂ ਵੀ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਿਕਾਇਤਾਂ ਭੇਜੀਆਂ ਗਈਆਂ ਹਨ। ਪੁੱਜੀ ਰਿਪੋਰਟ ਅਤੇ ਸ਼ਿਕਾਇਤ ਅਨੁਸਾਰ ਇਸ ਮਾਮਲੇ ਵਿੱਚ ਬੇਅਦਬੀ ਹੋਣ ਤੋਂ ਬਾਅਦ ਪ੍ਰਬੰਧਕਾਂ ਨੇ ਕਥਿਤ ਤੌਰ ਉੱਤੇ ਮਾਮਲੇ ਨੂੰ ਸੰਜੀਦਗੀ ਨਾਲ ਨਹੀਂ ਲਿਆ ਅਤੇ ਗੁਰੂ ਘਰ ਅੰਦਰ ਸੁਰੱਖਿਆ ਦੇ ਪੁਖ਼ਤਾ ਪ੍ਰਬੰਧਾਂ ਵਿੱਚ ਅਣਗਹਿਲੀ ਵਰਤੀ ਹੈ, ਜਿਸ ਕਰਕੇ ਸਿੱਖ ਸੰਗਤ ਦੇ ਮਨਾਂ ਵਿੱਚ ਭਾਰੀ ਰੋਸ ਹੈ। ਇਸ 'ਤੇ ਕਾਰਵਾਈ ਕਰਦਿਆਂ ਜਥੇਦਾਰ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਮਿੰਦਰ ਸਿੰਘ ਅਤੇ ਬੀਬੀ ਰਣਜੀਤ ਕੌਰ, ਗੁਰਦੁਆਰਾ ਸਾਹਿਬ (ਬਾਕੀ ਸਫ਼ਾ 2 'ਤੇ)

ਪੰਜਾਬ 'ਚ ਸ਼ਨੀਵਾਰ ਨੂੰ ਛੁੱਟੀ ਦਾ ਐਲਾਨ

ਚੰਡੀਗੜ੍ਹ : ਵਿਦਿਆਰਥੀਆਂ ਅਤੇ ਸਰਕਾਰੀ ਮੁਲਾਜ਼ਮਾਂ ਲਈ ਅਹਿਮ ਖਬਰ ਸਾਹਮਣੇ ਆ ਰਹੀ ਹੈ। ਜਾਣਕਾਰੀ ਲਈ ਦੱਸ ਦੇਈਏ ਕਿ ਇੱਕ ਵਾਰ ਫਿਰ ਤੋਂ ਲਗਾਤਾਰ ਦੋ ਛੁੱਟੀਆਂ ਦਾ ਆਨੰਦ ਮਿਲਣ ਵਾਲਾ ਹੈ। ਦਰਅਸਲ, ਜਲੰਧਰ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਲੈ ਕੇ 21 ਨਵੰਬਰ ਨੂੰ ਸ਼ਹਿਰ ਵਿਚ ਵਿਸ਼ਾਲ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ। ਇਸ ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਿਦਿਆਰਥੀਆਂ ਅਤੇ ਸਕੂਲ-ਕਾਲਜਾਂ ਦੇ ਸਟਾਫ਼ ਲਈ ਅਹਿਮ ਐਲਾਨ ਕੀਤਾ ਗਿਆ ਹੈ। ਇਸਦਾ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਗਿਆ ਹੈ। ਮਿਲੀ ਜਾਣਕਾਰੀ ਮੁਤਾਬਕ ਗੁਰਦੁਆਰਾ ਦੀਵਾਨ ਅਸਥਾਨ, ਸੈਂਟਰਲ ਟਾਊਨ ਦੀ ਪ੍ਰਬੰਧਕ ਕਮੇਟੀ ਵੱਲੋਂ ਸ਼ਹਿਰ 'ਚ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਜਾਵੇਗਾ।

ਉਤਰਾਖੰਡ ਵਿੱਚ ਆਇਆ ਭੂਚਾਲ, 31 ਮਿੰਟਾਂ ਦੇ ਅੰਦਰ ਦੋ ਵਾਰ ਕੰਬੀ ਧਰਤੀ

ਚਮੋਲੀ - ਚਮੋਲੀ ਜ਼ਿਲ੍ਹੇ ਵਿਚ ਅੱਜ ਭੂਚਾਲ ਦੇ ਦੋ ਝਟਕੇ ਮਹਿਸੂਸ ਕੀਤੇ ਗਏ। ਪਹਿਲਾ ਭੂਚਾਲ ਸਵੇਰੇ 10:21:11 ਵਜੇ ਆਇਆ। ਰਿਕਟਰ ਪੈਮਾਨੇ 'ਤੇ ਇਸ ਦੀ ਤੀਬਰਤਾ 4.1 ਮਾਪੀ ਗਈ ਅਤੇ ਇਹ 10 ਕਿਲੋਮੀਟਰ ਦੀ ਡੂੰਘਾਈ 'ਤੇ ਦਰਜ ਕੀਤਾ ਗਿਆ। ਲਗਭਗ 31 ਮਿੰਟ ਬਾਅਦ, ਸਵੇਰੇ 10:52:48 ਵਜੇ, ਦੂਜਾ ਭੂਚਾਲ ਆਇਆ। ਇਸ ਦੀ ਤੀਬਰਤਾ 2.8 ਮਾਪੀ ਗਈ ਅਤੇ ਇਹ 5 ਕਿਲੋਮੀਟਰ ਦੀ ਡੂੰਘਾਈ 'ਤੇ ਦਰਜ ਕੀਤਾ ਗਿਆ। ਜ਼ਿਲ੍ਹਾ ਆਫ਼ਤ ਪ੍ਰਬੰਧਨ ਅਧਿਕਾਰੀ ਨੰਦ ਕਿਸ਼ੋਰ ਅਨੁਸਾਰ, ਪਹਿਲੇ ਭੂਚਾਲ ਦਾ ਕੇਂਦਰ ਜੋਤਿਰਮਠ ਸੀ। ਜ਼ਿਲ੍ਹੇ ਵਿੱਚ ਕਿਤੋਂ ਵੀ ਜਾਨੀ ਜਾਂ ਮਾਲੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਮਿਲੀ ਹੈ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਸਥਿਤੀ ਆਮ ਵਾਂਗ ਹੈ।

ਜਿੰਨਾ ਚਿਰ ਪੰਜਾਬ ਵਿੱਚ 'ਆਪ' ਦੀ ਸਰਕਾਰ ਰਹੇਗੀ, ਭਲਾਈ ਸਕੀਮਾਂ ਜਾਰੀ ਰਹਿਣਗੀਆਂ : ਭਗਵੰਤ ਮਾਨ

ਭਾਜਪਾ-ਅਕਾਲੀ ਸਰਕਾਰ ਦੌਰਾਨ ਪੰਜਾਬ ਵਿੱਚ ਨਸ਼ੇ ਆਏ, ਉਹ ਸੂਬੇ ਨੂੰ ਨਸ਼ਾ ਮੁਕਤ ਕਿਵੇਂ ਕਰ ਸਕਦੇ ਹਨ : ਮਾਨ

ਸ਼ਾਹਕੋਟ (ਜਲੰਧਰ), 18 ਨਵੰਬਰ (ਪੈ.ਗਾਮ-ਏ-ਜਗਤ)

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਦੁਹਰਾਇਆ ਕਿ ਜਿੰਨਾ ਚਿਰ ਪੰਜਾਬ ਵਿੱਚ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਸੱਤਾ ਵਿੱਚ ਰਹੇਗੀ, ਓਨਾ ਸਮਾਂ ਔਰਤਾਂ ਲਈ ਮੁਫ਼ਤ ਬੱਸ ਸਫ਼ਰ ਅਤੇ 1,000 ਰੁਪਏ ਮਹੀਨਾਵਾਰ ਵਿੱਤੀ ਸਹਾਇਤਾ, 10 ਲੱਖ ਰੁਪਏ ਦਾ ਸਿਹਤ ਬੀਮਾ ਅਤੇ ਮੁਫ਼ਤ ਬਿਜਲੀ ਸਮੇਤ ਸਾਰੀਆਂ ਲੋਕ ਭਲਾਈ ਗਾਰੰਟੀਆਂ ਜਾਰੀ ਰਹਿਣਗੀਆਂ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਲੋਕ ਭਲਾਈ ਤੇ ਵਿਕਾਸ ਉਨ੍ਹਾਂ ਦੀ ਸਰਕਾਰ ਦੀਆਂ ਮੁੱਖ ਤਰਜੀਹਾਂ ਹਨ।

ਜਲੰਧਰ ਦੇ ਪਿੰਡ ਦੋਨੇਵਾਲ ਵਿਖੇ 'ਲੋਕ ਮਿਲਣੀ' ਪ੍ਰੋਗਰਾਮ ਦੌਰਾਨ ਲੋਕਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਭਾਜਪਾ, ਕਾਂਗਰਸ ਅਤੇ ਅਕਾਲੀ ਦਲ ਨੂੰ ਪੰਜਾਬ ਵਿੱਚ ਉਨ੍ਹਾਂ ਦੇ ਕਾਰਜਕਾਲ ਨੂੰ ਲੈ ਕੇ ਚੁਣੌਤੀ ਦਿੰਦਿਆਂ ਕਿਹਾ ਕਿ ਜਿਨ੍ਹਾਂ ਪਾਰਟੀਆਂ ਨੇ ਦਹਾਕਿਆਂ ਤੱਕ ਸੂਬੇ 'ਤੇ ਰਾਜ ਕੀਤਾ ਅਤੇ ਜਿਨ੍ਹਾਂ ਦੇ ਰਾਜ ਵਿੱਚ ਨਸ਼ਿਆਂ ਦਾ ਕਾਰੋਬਾਰ



ਫੈਲਿਆ, ਉਹੀ ਪਾਰਟੀਆਂ ਹੁਣ ਬਦਲਾਅ ਦੇ ਵਾਅਦੇ ਕਰ ਰਹੀਆਂ ਹਨ।

ਪਾਰਦਰਸ਼ੀ ਸਰਕਾਰੀ ਭਰਤੀ, ਭਲਾਈ ਪਹਿਲਕਦਮੀਆਂ ਅਤੇ ਚੱਲ ਰਹੇ ਵਿਕਾਸ ਕਾਰਜਾਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਤਰੱਕੀ ਦੇ ਰਾਹ 'ਤੇ ਤੁਰ ਪਿਆ ਹੈ ਅਤੇ ਉਨ੍ਹਾਂ ਨੇ ਲੋਕਾਂ ਨੂੰ ਇਸ ਰਫ਼ਤਾਰ ਨੂੰ ਆਪਸ ਵਿੱਚ ਰਲ-ਮਿਲ ਕੇ ਤੇਜ਼ ਕਰਨ ਦਾ ਸੱਦਾ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਸਾਲਾਂ ਤੱਕ ਸੂਬੇ ਦੀ ਲੁੱਟ ਕੀਤੀ ਹੈ, ਉਨ੍ਹਾਂ ਨੂੰ ਆਉਣ ਵਾਲੀਆਂ ਚੋਣਾਂ ਵਿੱਚ ਲੋਕਾਂ ਦੇ ਸਵਾਲਾਂ ਦਾ ਸਾਹਮਣਾ ਕਰਨਾ ਪਵੇਗਾ। 'ਲੋਕ ਮਿਲਣੀ' ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਨ੍ਹਾਂ ਪਾਰਟੀਆਂ ਨੇ ਆਪਣੇ ਰਾਜ ਦੌਰਾਨ ਸੂਬੇ ਅਤੇ ਇਸ ਦੇ ਵਸੀਲਿਆਂ ਨੂੰ ਅੰਗਰੇਜ਼ਾਂ ਨਾਲੋਂ ਵੀ ਵੱਧ ਬੇਰਹਿਮੀ ਨਾਲ ਲੁੱਟਿਆ ਹੈ। ਇਹ ਆਪਣੇ ਪਾਪਾਂ ਲਈ ਕਿਸੇ ਰਹਿਮ ਦੇ ਹੱਕਦਾਰ ਨਹੀਂ ਹਨ ਕਿਉਂਕਿ ਇਨ੍ਹਾਂ ਨੇ ਸੂਬੇ ਅਤੇ ਇਸ ਦੇ ਲੋਕਾਂ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ, ਜੋ ਕਿ ਨਾ-ਮੁਆਫ਼ੀਯੋਗ ਅਪਰਾਧ ਹੈ। ਅਕਾਲੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਪਾਪ ਕੀਤਾ ਸੀ ਅਤੇ ਬਦਕਿਸਮਤੀ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਨ੍ਹਾਂ ਦੇ ਹੱਥਾਂ ਦੀ ਕਠਪੁਤਲੀ ਤੋਂ ਵੱਧ ਕੁਝ ਨਹੀਂ ਹੈ। ਮੁੱਖ ਮੰਤਰੀ ਨੇ ਕਿਹਾ, "ਹਰ ਕੋਈ ਜਾਣਦਾ ਹੈ ਕਿ ਅਕਾਲੀਆਂ ਦਾ ਇੱਕ ਪਰਿਵਾਰ ਅੰਗਰੇਜ਼ਾਂ ਦਾ ਪਿੱਠੂ ਸੀ ਅਤੇ ਦੇਸ਼ ਲਈ ਲੜਨ ਵਾਲੇ ਦੇਸ਼ ਭਗਤਾਂ ਵਿਰੁੱਧ ਅੰਗਰੇਜ਼ਾਂ ਨਾਲ ਸਾਂਝ-ਭਿਆਲੀ ਪਾਉਣ ਬਦਲੇ ਉਨ੍ਹਾਂ ਨੂੰ 'ਸਰ' ਦੇ ਖ?ਤਾਬ ਨਾਲ ਨਿਵਾਜਿਆ ਗਿਆ ਸੀ। ਇਸ ਪਰਿਵਾਰ ਨੇ 13 ਅਪ੍ਰੈਲ, 1919 ਨੂੰ ਜਲ੍ਹਿਆਂਵਾਲਾ ਬਾਗ਼ ਦੇ ਸਾਕੇ ਦੇ ਮੁੱਖ ਦੋਸ਼ੀ ਜਨਰਲ ਡਾਇਰ ਨੂੰ ਇਸ ਘਿਨਾਉਣੇ ਕਾਂਡ ਤੋਂ ਬਾਅਦ ਰਾਤ ਦੇ ਖਾਣੇ ਦੀ ਮੇਜ਼ਬਾਨੀ ਕਰਕੇ ਸਨਮਾਨਿਤ ਕੀਤਾ ਸੀ। ਇਸ ਕਾਰਵਾਈ ਨੇ ਉਨ੍ਹਾਂ ਦੀ ਦੇਸ਼ ਵਿਰੋਧੀ ਅਤੇ ਪੰਜਾਬ ਵਿਰੋਧੀ ਮਾਨਸਿਕਤਾ ਅਤੇ ਕਿਰਦਾਰ ਨੂੰ ਬੇਨਕਾਬ ਕਰ ਦਿੱਤਾ ਸੀ। ਇਸ ਪਰਿਵਾਰ ਨੇ ਉਨ੍ਹਾਂ ਲੱਖਾਂ ਆਜ਼ਾਦੀ ਘੁਲਾਟੀਆਂ ਨਾਲ ਗੱਦਾਰੀ ਕੀਤੀ ਸੀ, ਜੋ ਅੰਗਰੇਜ਼ਾਂ ਵਿਰੁੱਧ ਡਟੇ ਹੋਏ ਸਨ। (ਬਾਕੀ ਸਫ਼ਾ 2 'ਤੇ)

ਜੰਮੂ-ਕਸ਼ਮੀਰ ਦੇ ਕੁਲਗਾਮ 'ਚ ਐਨਕਾਊਂਟਰ

ਕੁਲਗਾਮ, 18 ਨਵੰਬਰ (ਪੈ.ਗਾਮ-ਏ-ਜਗਤ)

ਜੰਮੂ-ਕਸ਼ਮੀਰ ਦੇ ਕੁਲਗਾਮ ਜ਼ਿਲ੍ਹੇ ਵਿੱਚ ਸੁਰੱਖਿਆ ਬਲਾਂ ਅਤੇ ਅੱਤਵਾਦੀਆਂ ਵਿਚਕਾਰ ਬੁੱਧਵਾਰ ਸਵੇਰੇ ਇੱਕ ਨਵਾਂ ਮੁਕਾਬਲਾ ਹੋਇਆ, ਜਿਸ ਵਿੱਚ ਲਸ਼ਕਰ-ਏ-ਤੋਇਬਾ ਦਾ ਚੋਟੀ ਦਾ ਕਮਾਂਡਰ ਲਤੀਫ਼ ਭੱਟ ਮਾਰਿਆ ਗਿਆ ਹੈ।

• ਲਸ਼ਕਰ ਕਮਾਂਡਰ ਢੇਰ, ਲਤੀਫ਼ ਭੱਟ ਦੇ ਸਿਰ 'ਤੇ 15 ਲੱਖ ਰੁਪਏ ਦਾ ਸੀ ਇਨਾਮ

ਇਸਤੋਂ ਪਹਿਲਾਂ ਭੱਟ ਨੂੰ ਸੁਰੱਖਿਆ ਫੋਰਸਾਂ ਨੇ ਘੇਰ ਗਿਆ ਸੀ। ਗੋਲੀਬਾਰੀ ਸਵੇਰ ਤੋਂ ਸ਼ੁਰੂ ਹੋ ਗਈ ਸੀ, ਸੁਰੱਖਿਆ ਬਲਾਂ ਨੇ ਕੁਲਗਾਮ ਦੇ ਕਈ ਪਿੰਡਾਂ ਵਿੱਚ ਆਪਣੀਆਂ ਕਾਰਵਾਈਆਂ ਤੇਜ਼ ਕਰ ਦਿੱਤੀਆਂ। ਪੁਲਿਸ ਨੇ ਇੱਕ ਸੋਸ਼ਲ ਮੀਡੀਆ ਪੋਸਟ ਰਾਹੀਂ ਕੁਲਗਾਮ ਵਿੱਚ ਮੁਕਾਬਲਾ ਸ਼ੁਰੂ ਹੋਣ ਦੀ ਪੁਸ਼ਟੀ ਕੀਤੀ ਸੀ। ਇਸ ਤੋਂ ਪਹਿਲਾਂ, ਸੋਮਵਾਰ ਨੂੰ ਕੁਲਗਾਮ ਵਿੱਚ

ਸੰਪਾਦਕ ਦੀ ਕਲਮ ਤੋਂ

ਧੁੰਦ ਦਾ ਮੌਸਮ ਅਤੇ ਸੜਕ ਸੁਰੱਖਿਆ ਦੀਆਂ ਤਿਆਰੀਆਂ



ਸਰਦੀ ਦਾ ਮੌਸਮ ਸ਼ੁਰੂ ਹੁੰਦਿਆਂ ਹੀ ਉੱਤਰੀ ਭਾਰਤ ਦੇ ਕਈ ਇਲਾਕਿਆਂ ਵਿੱਚ ਧੁੰਦ ਦੀ ਸਮੱਸਿਆ ਵਧਣ ਲੱਗਦੀ ਹੈ। ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਵਿੱਚ ਸੰਘਣੀ ਧੁੰਦ ਕਾਰਨ ਸੜਕਾਂ ਉੱਤੇ ਦਿੱਖ ਘੱਟ ਹੋ ਜਾਂਦੀ ਹੈ। ਵਾਹਨ ਚਾਲਕਾਂ ਨੂੰ ਸਾਹਮਣੇ ਆ ਰਹੇ ਵਾਹਨਾਂ, ਮੋੜਾਂ, ਡਿਵਾਈਡਰਾਂ ਅਤੇ ਹੋਰ ਰੁਕਾਵਟਾਂ ਦਾ ਅੰਦਾਜ਼ਾ ਲਗਾਉਣ ਵਿੱਚ ਮੁਸ਼ਕਲ ਆਉਂਦੀ ਹੈ। ਅਜਿਹੇ ਹਾਲਾਤ ਵਿੱਚ ਥੋੜ੍ਹੀ ਜਿਹੀ ਲਾਪਰਵਾਹੀ ਵੀ ਵੱਡੇ ਹਾਦਸੇ ਦਾ ਕਾਰਨ ਬਣ ਸਕਦੀ ਹੈ। ਇਸ ਲਈ ਧੁੰਦ ਦੇ ਮੌਸਮ ਵਿੱਚ ਸੜਕ ਸੁਰੱਖਿਆ ਦੇ ਪ੍ਰਬੰਧਾਂ ਵੱਲ ਵਿਸ ਧਿਆਨ ਦੇਣ ਦੀ ਲੋੜ ਹੈ। ਅਚਾਨਕ ਬਰੇਕ ਲਗਾਉਣ, ਗਲਤ ਢੰਗ ਨਾਲ ਓਵਰਟੇਕ ਕਰਨ ਜਾਂ ਲੇਨ ਬਦਲਣ ਨਾਲ ਟੱਕਰ ਦੀ ਸੰਭਾਵਨਾ ਵਧ ਜਾਂਦੀ ਹੈ। ਹਾਈਵੇਅ ਉੱਤੇ ਖੜ੍ਹੇ ਵਾਹਨ, ਬਿਨਾਂ ਰੌਸ਼ਨੀ ਵਾਲੀਆਂ ਟਰੈਕਟਰ-ਟਰਾਲੀਆਂ ਅਤੇ ਸੜਕ ਕਿਨਾਰੇ ਖੜ੍ਹੀਆਂ ਗੱਡੀਆਂ ਵੀ ਖ਼ਤਰਾ ਬਣ ਸਕਦੀਆਂ ਹਨ। ਇੱਕ ਵਾਹਨ ਦੇ ਹਾਦਸੇ ਤੋਂ ਬਾਅਦ ਪਿੱਛੋਂ ਆਉਣ ਵਾਲੇ ਵਾਹਨ ਵੀ ਘੱਟ ਦਿੱਖ ਕਾਰਨ ਉਸ ਨਾਲ ਟਕਰਾ ਸਕਦੇ ਹਨ।



ਦਵਿੰਦਰ ਕੁਮਾਰ
ਸੰਪਾਦਕ, ਪੈਗ਼ਾਮ-ਏ-ਜਗਤ

ਇਨ੍ਹਾਂ ਹਾਲਾਤ ਨਾਲ ਨਜਿੱਠਣ ਲਈ ਸੜਕਾਂ ਦੇ ਸੁਰੱਖਿਆ ਪ੍ਰਬੰਧਾਂ ਦੀ ਜਾਂਚ ਜ਼ਰੂਰੀ ਹੈ। ਹਾਈਵੇਅ ਅਤੇ ਮੁੱਖ ਸੜਕਾਂ ਉੱਤੇ ਲੱਗੀਆਂ ਲਾਈਟਾਂ ਚਾਲੂ ਹੋਣੀਆਂ ਚਾਹੀਦੀਆਂ ਹਨ। ਮੋੜਾਂ, ਪੁਲਾਂ, ਕੱਟਾਂ ਅਤੇ ਚੌਕਾਂ ਉੱਤੇ ਚਮਕਦਾਰ ਸੰਕੇਤਕ ਬੋਰਡ ਲਗਾਏ ਜਾਣੇ ਚਾਹੀਦੇ ਹਨ। ਸੜਕਾਂ ਉੱਤੇ ਲੇਨ ਦਰਸਾਉਣ ਵਾਲੀਆਂ ਲਕੀਰਾਂ ਸਪੱਸ਼ਟ ਹੋਣ ਤਾਂ ਜੋ ਘੱਟ ਦਿੱਖ ਵਿੱਚ ਵੀ ਵਾਹਨ ਚਾਲਕ ਆਪਣੀ ਲੇਨ ਦੀ ਪਛਾਣ ਕਰ ਸਕਣ। ਡਿਵਾਈਡਰਾਂ, ਪੁਲਾਂ ਅਤੇ ਸੜਕ ਕਿਨਾਰਿਆਂ ਉੱਤੇ ਰਿਫਲੈਕਟਰ ਲਗਾਉਣ ਨਾਲ ਵੀ ਸੁਰੱਖਿਆ ਵਧਾਈ ਜਾ ਸਕਦੀ ਹੈ। ਜਿੱਥੇ ਲੋੜ ਹੋਵੇ, ਉੱਥੇ ਗਤੀ ਸੀਮਾ ਅਤੇ ਧੁੰਦ ਵਾਲੇ ਖੇਤਰਾਂ ਬਾਰੇ ਚੇਤਾਵਨੀ ਬੋਰਡ ਵੀ ਲਗਾਏ ਜਾਣੇ ਚਾਹੀਦੇ ਹਨ। ਧੁੰਦ ਵਿੱਚ ਵਾਹਨ ਦੀ ਗਤੀ ਘੱਟ ਰੱਖਣੀ ਅਤੇ ਅੱਗੇ ਚੱਲ ਰਹੇ ਵਾਹਨ ਤੋਂ ਉਚਿਤ ਦੂਰੀ ਬਣਾਈ ਰੱਖਣੀ ਚਾਹੀਦੀ ਹੈ। ਲੋੜ ਅਨੁਸਾਰ ਫੌਗ ਲਾਈਟਾਂ ਅਤੇ ਲੋਅ ਬੀਮ ਹੈੱਡਲਾਈਟਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਹਾਈ ਬੀਮ ਲਾਈਟਾਂ ਦੀ ਬੇਲੋੜੀ ਵਰਤੋਂ ਸਿਰਫ਼ ਧੁੰਦ ਵਿੱਚ ਹੀ ਨਹੀਂ, ਆਮ ਮੌਸਮ ਵਿੱਚ ਵੀ ਹਾਦਸਿਆਂ ਦਾ ਕਾਰਨ ਬਣਦੀ ਹੈ। ਸਾਹਮਣੇ ਤੋਂ ਆ ਰਹੇ ਵਾਹਨ ਦੀਆਂ ਤੇਜ਼ ਲਾਈਟਾਂ ਦੂਜੇ ਚਾਲਕ ਦੀਆਂ ਅੱਖਾਂ ਵਿੱਚ ਕੁਝ ਪਲਾਂ ਲਈ ਦਿੱਖ ਘਟਾ ਦਿੰਦੀਆਂ ਹਨ। ਧੁੰਦ ਵਿੱਚ ਇਹ ਖ਼ਤਰਾ ਹੋਰ ਵਧ ਜਾਂਦਾ ਹੈ, ਕਿਉਂਕਿ ਤੇਜ਼ ਰੌਸ਼ਨੀ ਧੁੰਦ ਦੇ ਕਣਾਂ ਨਾਲ ਟਕਰਾ ਕੇ ਵਾਪਸ ਹੁੰਦੀ ਹੈ ਅਤੇ ਸਾਹਮਣੇ ਦੇਖਣਾ ਹੋਰ ਔਖਾ ਬਣਾ ਦਿੰਦੀ ਹੈ। ਇਸ ਲਈ ਬਿਨਾਂ ਲੋੜ ਹਾਈ ਬੀਮ ਦੀ ਵਰਤੋਂ ਤੋਂ ਬਚਣਾ ਅਤੇ ਸਾਹਮਣੇ ਤੋਂ ਵਾਹਨ ਆਉਣ ਸਮੇਂ ਲਾਈਟਾਂ ਲੋਅ ਬੀਮ ਉੱਤੇ ਕਰਨਾ ਹਰ ਚਾਲਕ ਦੀ ਜ਼ਿੰਮੇਵਾਰੀ ਹੈ। ਵਾਹਨ ਦੀਆਂ ਬਰੇਕਾਂ, ਟਾਇਰਾਂ, ਵਾਈਪਰਾਂ ਅਤੇ ਲਾਈਟਾਂ ਦੀ ਪਹਿਲਾਂ ਜਾਂਚ ਕਰਨੀ ਚਾਹੀਦੀ ਹੈ। ਬਿਨਾਂ ਲੋੜ ਓਵਰਟੇਕ ਕਰਨ ਅਤੇ ਅਚਾਨਕ ਲੇਨ ਬਦਲਣ ਤੋਂ ਵੀ ਬਚਣਾ ਚਾਹੀਦਾ ਹੈ। ਜੇਕਰ ਦਿੱਖ ਬਹੁਤ ਘੱਟ ਹੋਵੇ ਤਾਂ ਸੁਰੱਖਿਅਤ ਥਾਂ ਉੱਤੇ ਵਾਹਨ ਰੋਕ ਕੇ ਹਾਲਾਤ ਸੁਧਰਨ ਦੀ ਉਡੀਕ ਕਰਨੀ ਬਿਹਤਰ ਹੈ। ਤੇਜ਼ ਰਫ਼ਤਾਰ ਨਾਲ ਵਾਹਨ ਦੇ ਇੰਜਣ, ਟਾਇਰਾਂ ਅਤੇ ਬਰੇਕਾਂ ਉੱਤੇ ਵਾਧੂ ਦਬਾਅ ਪੈਂਦਾ ਹੈ, ਜਦਕਿ ਸੰਤੁਲਿਤ ਅਤੇ ਇਕਸਾਰ ਰਫ਼ਤਾਰ ਨਾਲ ਬਚਤ ਅਤੇ ਪੁਰਜ਼ਿਆਂ ਦੀ ਘਸਾਈ ਘਟ ਸਕਦੀ ਹੈ। ਧੁੰਦ ਵਿੱਚ 45 ਕਿਲੋਮੀਟਰ ਪ੍ਰਤੀ ਘੰਟਾ ਵਰਗੀ ਸੰਭਾਲਵੀਂ ਰਫ਼ਤਾਰ ਵੀ ਸੜਕ ਦੀ ਦਿੱਖ ਅਤੇ ਹਾਲਾਤਾਂ ਅਨੁਸਾਰ ਹੀ ਰੱਖਣੀ ਚਾਹੀਦੀ ਹੈ।

ਸਕੂਲੀ ਵਾਹਨਾਂ ਦੀ ਸੁਰੱਖਿਆ ਇਸ ਮੌਸਮ ਵਿੱਚ ਵਿਸ਼ੇਸ਼ ਧਿਆਨ ਮੰਗਦੀ ਹੈ। ਸਵੇਰ ਵੇਲੇ ਬੱਚੇ ਅਕਸਰ ਉਸ ਸਮੇਂ ਸਕੂਲ ਜਾਂਦੇ ਹਨ ਜਦੋਂ ਧੁੰਦ ਸਭ ਤੋਂ ਵੱਧ ਹੁੰਦੀ ਹੈ। ਸਕੂਲ ਬੱਸਾਂ ਅਤੇ ਵੈਨਾਂ ਦੀਆਂ ਲਾਈਟਾਂ, ਬਰੇਕਾਂ, ਟਾਇਰਾਂ ਅਤੇ ਰਿਫਲੈਕਟਰਾਂ ਦੀ ਨਿਯਮਤ ਜਾਂਚ ਹੋਣੀ ਚਾਹੀਦੀ ਹੈ। ਵਾਹਨਾਂ ਵਿੱਚ ਸਮਰੱਥਾ ਤੋਂ ਵੱਧ ਬੱਚੇ ਨਹੀਂ ਬਿਠਾਉਣੇ ਚਾਹੀਦੇ। ਡਰਾਈਵਰਾਂ ਨੂੰ ਧੁੰਦ ਵਿੱਚ ਵਾਹਨ ਚਲਾਉਣ ਬਾਰੇ ਸਿਖਲਾਈ ਦੇਣੀ ਅਤੇ ਉਨ੍ਹਾਂ ਦੇ ਕੰਮ ਦੇ ਘੰਟਿਆਂ ਦਾ ਧਿਆਨ ਰੱਖਣਾ ਵੀ ਜ਼ਰੂਰੀ ਹੈ। ਸਕੂਲ ਪ੍ਰਬੰਧਕਾਂ ਅਤੇ ਮਾਪਿਆਂ ਨੂੰ ਵੀ ਆਵਾਜਾਈ ਦੇ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਕਰਨੀ ਚਾਹੀਦੀ ਹੈ। ਸੜਕ ਸੁਰੱਖਿਆ ਦਾ ਇੱਕ ਹੋਰ ਅਹਿਮ ਪੱਖ ਐਮਰਜੈਂਸੀ ਸਹਾਇਤਾ ਹੈ। ਹਾਈਵੇਅ ਅਤੇ ਮੁੱਖ ਸੜਕਾਂ ਉੱਤੇ ਐਂਬੂਲੈਂਸ, ਕਰੇਨ ਅਤੇ ਮਦਦਗਾਰ ਟੀਮਾਂ ਉਪਲਬਧ ਹੋਣੀਆਂ ਚਾਹੀਦੀਆਂ ਹਨ। ਪੁਲਿਸ, ਸਿਹਤ ਵਿਭਾਗ, ਟਰੈਫਿਕ ਕਰਮਚਾਰੀਆਂ ਅਤੇ ਸੜਕ ਪ੍ਰਬੰਧਨ ਨਾਲ ਜੁੜੀਆਂ ਸੰਸਥਾਵਾਂ ਵਿਚਕਾਰ ਤਾਲਮੇਲ ਹੋਣਾ ਜ਼ਰੂਰੀ ਹੈ। ਹਾਦਸੇ ਤੋਂ ਬਾਅਦ ਜ਼ਖ਼ਮੀਆਂ ਨੂੰ ਸਮੇਂ ਸਿਰ ਹਸਪਤਾਲ ਪਹੁੰਚਾਉਣਾ ਉਨ੍ਹਾਂ ਦੀ ਜਾਨ ਬਚਾਉਣ ਵਿੱਚ ਅਹਿਮ ਭੂਮਿਕਾ ਨਿਭਾ ਸਕਦਾ ਹੈ।

ਪੈਦਲ ਚੱਲਣ ਵਾਲਿਆਂ ਅਤੇ ਸਾਈਕਲ ਸਵਾਰਾਂ ਦੀ ਸੁਰੱਖਿਆ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨੂੰ ਸਵੇਰ ਅਤੇ ਰਾਤ ਵੇਲੇ ਚਮਕਦਾਰ ਰੰਗਾਂ ਦੇ ਕੱਪੜੇ ਪਹਿਨਣੇ ਅਤੇ ਸੜਕ ਪਾਰ ਕਰਨ ਲਈ ਨਿਰਧਾਰਤ ਥਾਵਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਖੇਤੀਬਾੜੀ ਵਾਲੇ ਵਾਹਨਾਂ ਉੱਤੇ ਰਿਫਲੈਕਟਰ ਲਗਾਉਣੇ ਅਤੇ ਪਿਛਲੀਆਂ ਲਾਈਟਾਂ ਚਾਲੂ ਰੱਖਣੀਆਂ ਜ਼ਰੂਰੀ ਹਨ। ਸੜਕਾਂ ਉੱਤੇ ਖੁੱਲ੍ਹੇ ਘੁੰਮਦੇ ਪਸ਼ੂ ਵੀ ਧੁੰਦ ਦੌਰਾਨ ਹਾਦਸਿਆਂ ਦਾ ਕਾਰਨ ਬਣ ਸਕਦੇ ਹਨ। ਇਸ ਲਈ ਉਨ੍ਹਾਂ ਦੀ ਸੁਰੱਖਿਅਤ ਸੰਭਾਲ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਧੁੰਦ ਨੂੰ ਰੋਕਣਾ ਮਨੁੱਖ ਦੇ ਵੱਸ ਵਿੱਚ ਨਹੀਂ, ਪਰ ਇਸ ਕਾਰਨ ਹੋਣ ਵਾਲੇ ਹਾਦਸਿਆਂ ਨੂੰ ਘਟਾਉਣ ਲਈ ਤਿਆਰੀ ਜ਼ਰੂਰ ਕੀਤੀ ਜਾ ਸਕਦੀ ਹੈ। ਪ੍ਰਸ਼ਾਸਨ ਨੂੰ ਧੁੰਦ ਸ਼ੁਰੂ ਹੋਣ ਤੋਂ ਪਹਿਲਾਂ ਸੜਕਾਂ ਦੀ ਜਾਂਚ ਅਤੇ ਲੋੜੀਂਦੇ ਸੁਧਾਰ ਕਰਨੇ ਚਾਹੀਦੇ ਹਨ, ਜਦਕਿ ਵਾਹਨ ਚਾਲਕਾਂ ਨੂੰ ਆਪਣੀ ਅਤੇ ਦੂਜਿਆਂ ਦੀ ਜਾਨ ਦੀ ਸੁਰੱਖਿਆ ਨੂੰ ਤਰਜੀਹ ਦੇਣੀ ਚਾਹੀਦੀ ਹੈ। ਸੜਕ ਸੁਰੱਖਿਆ ਸਾਂਝੀ ਜ਼ਿੰਮੇਵਾਰੀ ਹੈ। ਸਾਵਧਾਨੀ ਅਤੇ ਤਿਆਰੀ ਨਾਲ ਧੁੰਦ ਦੇ ਮੌਸਮ ਵਿੱਚ ਹਾਦਸਿਆਂ ਦਾ ਖ਼ਤਰਾ ਘਟਾਇਆ ਜਾ ਸਕਦਾ ਹੈ।

ਪੁਸਤਕ ਚਰਚਾ :
ਪੁਸਤਕ ਦਾ ਨਾਮ : ਜ਼ਿੰਦਗੀ ਜਸ਼ਨ ਹੈ
ਲੇਖਕ : ਡਾ.ਗੁਰਬਖ਼ਸ਼ ਸਿੰਘ ਭੰਡਾਲ
ਪ੍ਰਕਾਸ਼ਕ : ਗੋਸ਼ੀਅਸ ਬੁੱਕਸ, ਫੇਜ਼ 1, ਅਰਬਨ ਐਸਟੇਟ, ਪਟਿਆਲਾ
ਪੰਨੇ : 243, ਮੁੱਲ : 350 ਰੁਪਏ
ਟਿਪਣੀਕਾਰ : ਡਾ.ਪ੍ਰਿਤਪਾਲ ਸਿੰਘ ਮਹਿਰੋਕ
ਜ਼ਿੰਦਗੀ ਦੇ ਮਕਸਦ ਸੰਗ ਸੰਵਾਦ ਰਚਾਉਂਦੀ ਨਿਬੰਧਕਾਰੀ : ਜ਼ਿੰਦਗੀ ਜਸ਼ਨ ਹੈ
ਡਾ.ਪ੍ਰਿਤਪਾਲ ਸਿੰਘ ਮਹਿਰੋਕ
ਸੰਪਰਕ : 98885-10185

ਜ਼ਿੰਦਗੀ ਜਸ਼ਨ ਹੈ


ਡਾ. ਗੁਰਬਖ਼ਸ਼ ਸਿੰਘ ਭੰਡਾਲ ਬਹੁਤ ਪ੍ਰਸਿੱਧ ਤੇ ਬਹੁ ਭਾਂਤੀ ਲੇਖਕ ਹੈ।ਉਸਨੇ ਪੰਜਾਬੀ ਕਵਿਤਾ,ਵਾਰਤਕ ਤੇ ਸਮੀਖਿਆ ਦੇ ਖੇਤਰ ਵਿੱਚ ਗੁਣਾਤਮਿਕ ਤੇ ਗੁਣਾਤਮਿਕ ਪੱਖ ਤੋਂ ਨਿੱਠ ਕੇ ਕੰਮ ਕੀਤਾ ਹੈ ਤੇ ਕਰ ਰਿਹਾ ਹੈ।ਕੁਝ ਪੱਤਰ-ਪੱਤ੍ਰਕਾਵਾਂ ਵਾਸਤੇ ਨਿਯਮਤ ਰੂਪ ਵਿੱਚ ਹਫ਼ਤਾਵਾਰੀ ਕਾਲਮ ਲਿਖਣ ਦੇ ਸ਼ੌਕ ਨੇ ਉਸਦੇ ਲਿਖਣ ਕਾਰਜ ਦੇ ਸਿਲਸਿਲੇ ਨੂੰ ਹੋਰ ਵਿਸਥਾਰ ਪ੍ਰਦਾਨ ਕੀਤਾ ਹੈ।'ਜ਼ਿੰਦਗੀ ਜਸ਼ਨ ਹੈ' ਉਸਦੀ 22ਵੀਂ ਪੁਸਤਕ ਹੈ,ਜਿਸ ਵਿੱਚ 33 ਨਿਬੰਧ ਸ਼ਾਮਲ ਹਨ।ਇਨ੍ਹਾਂ ਨਿਬੰਧਾਂ ਵਿੱਚੋਂ ਬਹੁਤੇ ਨਿਬੰਧ ਪੁਸਤਕ ਰੂਪ ਵਿੱਚ ਸ਼ਾਮਲ ਕੀਤੇ ਜਾਣ ਤੋਂ ਪਹਿਲਾਂ ਵਿਭਿੰਨ ਅਖਬਾਰਾਂ,ਮੈਗਜ਼ੀਨਾਂ ਵਿੱਚ ਸਥਾਨ ਹਾਸਲ ਕਰਨ ਉਪਰੰਤ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਪ੍ਰਾਪਤ ਕਰ ਚੁੱਕੇ ਹਨ।

ਵਿਸ਼ਵ ਦੇ ਪ੍ਰਸਿੱਧ ਧਰਮਾਂ, ਚਿੰਤਕਾਂ, ਵਿਦਵਾਨਾਂ, ਲੇਖਕਾਂ,ਸਮਾਜ ਸ਼ਾਸਤਰੀਆਂ, ਮਾਨਵ ਵਿਗਿਆਨੀਆਂ ਆਦਿ ਨੇ ਜ਼ਿੰਦਗੀ ਨੂੰ ਵੱਖ ਵੱਖ ਕੋਣਾਂ ਤੋਂ ਵੇਖਣ/ਸਮਝਣ ਉਪਰੰਤ ਅਤੇ ਜ਼ਿੰਦਗੀ ਦੇ ਮਨੋਰਥ ਨੂੰ ਸਮਝਾਉਣ ਹਿਤ ਇਸਨੂੰ ਆਪਣੇ ਆਪਣੇ ਨਜ਼ਰੀਏ ਤੋਂ ਪਰਿਭਾਸ਼ਿਤ ਕੀਤਾ ਹੈ।ਡਾ. ਗੁਰਬਖ਼ਸ਼ ਸਿੰਘ ਭੰਡਾਲ ਇਸ ਪੁਸਤਕ ਵਿੱਚ ਆਪਣੇ ਬਹੁਪੱਖੀ ਅਨੁਭਵ ਦੇ ਆਧਾਰ 'ਤੇ ਜ਼ਿੰਦਗੀ ਦੀ ਨਿਰਖ-ਪਰਖ ਕਰਦਿਆਂ ਇਸਨੂੰ ਪਰਿਭਾਸ਼ਿਤ ਕਰਨ ਦਾ ਸੁਹਿਰਦ ਉਪਰਾਲਾ ਕਰਦਾ ਨਜ਼ਰ ਆਉਂਦਾ ਹੈ। ਜ਼ਿੰਦਗੀ ਨੂੰ ਉਹ ਸਾਲਾਂ ਮਹੀਨਿਆਂ ਵਿੱਚ ਨਹੀਂ ਆਂਕਦਾ। ਉਹ ਜ਼ਿੰਦਗੀ ਨੂੰ ਜੀਊਣ ਦੀ ਕੁਆਲਿਟੀ, ਜ਼ਿੰਦਗੀ ਵਿੱਚ ਕੰਮ ਕਰਨ ਦੇ ਪੱਧਰ ਅਤੇ ਜ਼ਿੰਦਗੀ ਦੀ ਗੁਣਵੱਤਾ ਦੇ ਆਧਾਰ 'ਤੇ ਮਿਣਦਾ-ਤੋਲਦਾ ਤੇ ਪਰਿਭਾਸ਼ਿਤ ਕਰਦਾ ਹੈ। ਇਕ ਵਾਰ ਮਿਲਦੀ ਜ਼ਿੰਦਗੀ ਨੂੰ ਆਪਣੇ ਅਕੀਦਿਆਂ,ਮਰਜ਼ੀ ਤੇ ਆਪਣੇ ਤਕਾਜ਼ਿਆਂ ਅਨੁਸਾਰ ਜੀਊਣ ਵਾਲੇ ਲੋਕਾਂ ਨੂੰ ਲੇਖਕ ਖੂਬਸੂਰਤ ਤੇ ਬਿਹਤਰੀਨ ਮਨੁੱਖ ਤਸੱਵਰ ਕਰਦਾ ਹੈ।ਜ਼ਿੰਦਗੀ ਮਾਣਨ ਲਈ ਹੈ। ਕੁਝ ਯਾਦ ਕਰਨ ਯੋਗ ਕੰਮ ਕਰਕੇ ਅਤੇ ਯਾਦਾਂ ਛੱਡ ਕੇ ਜਾਣ ਨੂੰ ਹੀ ਲੇਖਕ ਜ਼ਿੰਦਗੀ ਦਾ ਮਕਸਦ ਸਮਝਦਾ ਹੈ।ਚੜ੍ਹਦੀ ਕਲਾ ਵਿੱਚ ਰਹਿਣ ਦਾ ਨਾਂ ਹੀ ਜ਼ਿੰਦਗੀ ਹੈ।ਆਪਣਾ ਘਰ ਮਨੁੱਖ ਲਈ ਬਿਹਤਰੀਨ ਸਥਾਨ ਹੁੰਦਾ ਹੈ।ਲੇਖਕ ਟਾਹਣੀਆਂ 'ਤੇ ਲਗਰਾਂ ਫੁੱਟਣ ਨੂੰ,ਉੱਡਣ ਲਈ ਤਾਂਘਦੇ ਆਲ੍ਹਣੇ ਦੇ ਬੋਟਾਂ ਨੂੰ,ਕੁਦਰਤ ਦੀ ਗੋਦ ਵਿੱਚ ਖੇਡਣ ਨੂੰ,ਨਵੀਆਂ ਰਾਹਾਂ ਦੀ ਤਲਾਸ਼ ਕਰਨ ਨੂੰ,ਕਿਸੇ ਦੀ ਜ਼ਿੰਦਗੀ ਦੇ ਖਾਲੀਪਨ ਨੂੰ ਭਰਨ ਨੂੰ,ਕਿਸੇ ਦੀ ਇਕੱਲਤਾ ਦੂਰ ਕਰਨ ਨੂੰ ਜ਼ਿੰਦਗੀ ਦੇ ਮਨੋਰਥ ਵਿੱਚ ਸ਼ਾਮਲ ਕਰਦਾ ਹੈ। ਸਫਲਤਾ ਦੀ ਟੀਸੀ 'ਤੇ ਪਹੁੰਚਣ, ਬਨੇਰਿਆਂ 'ਤੇ ਚਿਰਾਗ਼ ਬਾਲਣ,ਬਚਪਨ ਨੂੰ ਯਾਦ ਕਰਨ, ਰਿਸ਼ਤਿਆਂ ਵਿੱਚ ਨਿੱਘ ਭਰਨ ਅਤੇ ਕਿਸੇ ਨੂੰ ਖੁਸ਼ੀ ਦੇ ਪਲ ਮੁਹੱਈਆ ਕਰਾਉਣ ਨੂੰ ਆਪਣੀ ਖੁਸ਼ਕਿਸਮਤੀ ਸਮਝਣਾ ਚਾਹੀਦਾ ਹੈ। ਲੇਖਕ ਆਪਣੇ ਪਿੰਡ, ਸਕੇ-ਸਨੇਹੀਆਂ, ਨਵੇਂ ਪੁਰਾਣੇ ਦੋਸਤਾਂ ਆਦਿ ਦੀ ਖ਼ੈਰ-ਸੁੱਖ ਮੰਗਦਾ ਹੈ। ਲੇਖਕ ਚਾਹੁੰਦਾ ਹੈ ਕਿ ਮਿੱਤਰਾਂ ਦੇ ਸੁੱਖ-ਸਾਂਦ ਦੇ ਖ਼ਤਾਂ ਦਾ ਆਦਾਨ ਪ੍ਰਦਾਨ ਬਾਦਸਤੂਰ ਹੁੰਦਾ ਰਹੇ ! ਦੋਸਤਾਂ ਮਿੱਤਰਾਂ ਤੇ ਆਪਣਿਆਂ ਦੀ ਸੁੱਖ-ਸਾਂਦ ਪੁੱਛਣ ਤੇ ਉਨ੍ਹਾਂ ਦੀ ਖ਼ੈਰ-ਸੁੱਖ ਮੰਗਣ ਵਿੱਚ ਕਦੇ ਵੀ ਦੇਰੀ ਨਹੀਂ ਕਰਨੀ ਚਾਹੀਦੀ।

ਚਾਹ ਦਾ ਕੱਪ ਪੀਣ ਲਈ ਇਕੱਠਿਆਂ ਬੈਠਣ ਵੇਲੇ ਦੀਆਂ ਯਾਦਾਂ,ਪੁਰਾਣੀਆਂ ਸਾਂਝਾਂ, ਦੋਸਤਾਂ ਦੀਆਂ ਮਹਿਫ਼ਿਲਾਂ,ਸ਼ੁਹਾਵਣੇ ਤੇ ਹੁਸੀਨ ਪਲਾਂ ਨੂੰ ਲੇਖਕ ਬੜੇ ਮੋਹ ਤੇ ਸ਼ਿੱਦਤ ਨਾਲ ਯਾਦ ਕਰਦਾ ਹੈ।ਚਾਹ ਦਾ ਕੱਪ ਪੀਂਦਿਆਂ ਚੁੰਝ ਚਰਚਾ ਕਰਨ ਤੇ ਚਸਕੇ ਲੈਣ ਨੂੰ ਸਭ ਦਾ ਦਿਲ ਕਰਦਾ ਹੈ।ਅਜਿਹੇ ਸਮੇਂ ਦੀ ਤਾਂਘ ਹਮੇਸ਼ਾ ਬਣੀ ਰਹਿੰਦੀ ਹੈ।ਚਾਹਾਂ 'ਤੇ ਚੱਲਦਿਆਂ ਅਚਾਨਕ ਬਣ ਜਾਂਦੇ ਰਿਸ਼ਤਿਆਂ ਬਾਰੇ, ਉਨ੍ਹਾਂ ਵਿਚਲੇ ਨਿੱਘ ਤੇ ਹੰਢਣਸਾਰਤਾ ਬਾਰੇ ਲੇਖਕ ਬੜੀਆਂ ਭਾਵਪੂਰਤ ਗੱਲਾਂ ਕਹਿੰਦਾ ਹੈ। ਕਿਸੇ ਵੀ ਮਨੁੱਖ ਦੀ ਜ਼ਿੰਦਗੀ ਸੰਪੂਰਨ ਨਹੀਂ ਹੁੰਦੀ,ਕੋਈ ਵੀ ਪਰਫੈਕਟ ਨਹੀਂ ਹੁੰਦਾ। ਜ਼ਿੰਦਗੀ ਵਿੱਚ ਘਾਟਾਂ, ਊਣਤਾਈਆਂ, ਤਰੇੜਾਂ,ਵਿਰਲਾਂ,ਵਿੱਥਾਂ ਰਹਿ ਹੀ ਜਾਂਦੀਆਂ ਹਨ। ਮਨੁੱਖ ਦੇ ਆਪਣੇ ਦਾਇਰੇ ਦੇ ਲੋਕਾਂ ਨਾਲ ਸਬੰਧ ਵੀ ਹਮੇਸ਼ਾ ਇਕਸਾਰ ਨਹੀਂ ਰਹਿੰਦੇ।ਅਜਿਹੇ ਨੂੰ ਬਹੁਤੀ ਸੰਜੀਦਗੀ ਨਾਲ ਨਹੀਂ ਲੈਣਾ ਚਾਹੀਦਾ। ਮਿਲਦੇ-ਗਿਲਦੇ ਰਹਿਣ ਦਾ ਨਾਂ ਹੀ ਜ਼ਿੰਦਗੀ ਹੈ। ਅਜਿਹੇ ਅਭਿਆਸ ਨਾਲ ਮਨੁੱਖ ਸਾਕਾਰਾਤਮਿਕ ਊਰਜਾ ਗ੍ਰਹਿਣ ਕਰ ਸਕਦਾ ਹੈ।

ਮਨੁੱਖ ਨੂੰ ਆਪਣੀ ਔਕਾਤ,ਆਪਣੀ ਹੈਸੀਅਤ ਵਿੱਚ ਰਹਿਣਾ ਚਾਹੀਦਾ ਹੈ ਤੇ ਇਸ ਸਬੰਧ ਵਿੱਚ ਉਸਨੂੰ ਕਿਸੇ ਦੀ ਔਕਾਤ ਪੁੱਛ ਕੇ ਉਸਨੂੰ ਜ਼ਲੀਲ ਨਹੀਂ ਕਰਨਾ ਚਾਹੀਦਾ।ਮਨੁੱਖ ਨੂੰ ਆਪਣੇ ਅਹਿਸਾਸ ਜੀਊਂਦੇ ਰੱਖਣੇ ਚਾਹੀਦੇ ਹਨ ਤਾਂ ਹੀ ਉਹ ਜੀਊਂਦਾ ਰਹਿ ਸਕੇਗਾ। ਮਾਮੂਲੀ ਤੇ ਨਿੱਕੀ ਨਿੱਕੀ ਗੱਲ ਤੋਂ ਰੁੱਸ ਜਾਣ ਵਿੱਚ ਕੋਈ ਸਿਆਣਪ ਨਹੀਂ।'ਸਭ ਠੀਕ ਠਾਕ ਹੈ' ਨਿਬੰਧ ਮਨੁੱਖ ਦੇ ਓਹਲੇ ਦੀ,ਉਸਦੀਆਂ ਕਮਜ਼ੋਰੀਆਂ ਦੀ ਗੱਲ ਕਰਦਾ ਹੈ।ਹਾਲ ਚਾਲ ਪੁੱਛਦਿਆਂ-ਦੱਸਦਿਆਂ ਜਦੋਂ ਕੋਈ 'ਸਭ ਠੀਕ ਠਾਕ ਹੈ' ਕਹਿੰਦਾ ਹੈ ਤਾਂ ਉਹ ਬਹੁਤ ਕੁਝ ਲੁਕੋ ਵੀ ਰਿਹਾ ਹੁੰਦਾ ਹੈ।ਲੁਣਵੀਂ ਜ਼ਿੰਦਗੀ ਦਾ ਇਹ ਦਸਤੂਰ ਬਣ ਗਿਆ ਹੈ।ਮਨੁੱਖ ਨੇ ਆਪਣੀ ਜ਼ਿੰਦਗੀ ਵਿੱਚ ਮਸਨੂਈਪਨ ਵਧਾ ਲਿਆ ਹੈ।ਬੰਦੇ ਵਿੱਚੋਂ ਬੰਦਾ ਗ਼ੈਰਹਾਜ਼ਰ ਹੁੰਦਾ ਜਾ ਰਿਹਾ ਹੈ।ਇਹ ਕੋਹੀ ਵਿਡੰਬਣਾ ਹੈ ਕਿ ਉਸ ਗੁੰਮ- ਗਵਾਚ ਗਏ ਬੰਦੇ ਨੂੰ ਲੱਭਣਾ ਬਹੁਤ ਕਠਿਨ ਹੈ।ਇਹ ਅਜੋਕੇ ਮਕਾਨਕੀ ਮਨੁੱਖ ਦੀ ਜ਼ਿੰਦਗੀ ਦਾ ਸੰਕਟ ਹੈ, ਜਿਸਨੂੰ ਡਾ.ਗੁਰਬਖ਼ਸ਼ ਸਿੰਘ ਭੰਡਾਲ ਬੜੀ ਸ਼ਿੱਦਤ ਨਾਲ ਮਹ

ਆਓ ਜਾਣੀਏ ਵਿਸ਼ਵ ਪ੍ਰਸਿੱਧ 'ਪਸ਼ੂਪਤੀ ਨਾਥ ਮੰਦਰ' ਕਾਠਮੰਡੂ ਨੇਪਾਲ ਬਾਰੇ



ਕੇ.ਐੱਸ. ਅਮਰ
ਪਿੰਡ ਤੇ ਡਾਕ. ਕੋਟਲੀ ਖਾਸ ਤਹਿਸੀਲ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ, ਮੋਬਾ. 94653-69343

ਨੇਪਾਲ ਦੇਸ਼ ਦੀ ਪਵਿੱਤਰ ਧਰਤੀ ਮਨੁੱਖ ਦੀ ਜ਼ਿੰਦਗੀ ਦੇ ਅਧਿਆਤਮਕ ਪਹਿਲੂਆਂ ਨਾਲ ਜੁੜੀ ਹੋਈ ਹੈ। ਇੱਥੇ ਦੇ ਅਨੇਕਾਂ ਮੰਦਰ ਨੇਪਾਲ ਦੀ ਸੰਸਕ੍ਰਿਤੀ ਅਤੇ ਸੱਭਿਆਚਾਰ ਦੇ ਦਰਸ਼ਨ ਕਰਵਾਉਂਦੇ ਹਨ। ਇਸ ਦੇਸ਼ ਵਿੱਚ ਹੀ ਸਥਿਤ ਹੈ ਵਿਸ਼ਵ ਪ੍ਰਸਿੱਧ ਮੰਦਰ 'ਪਸ਼ੂਪਤੀ ਨਾਥ' ਜੋ ਨੇਪਾਲ ਦੀ ਰਾਜਧਾਨੀ ਕਾਠਮੰਡੂ ਤੋਂ ਚਾਰ ਕਿਲੋਮੀਟਰ ਉੱਤਰ ਪੂਰਵ ਦਿਸ਼ਾ ਵਿੱਚ ਬਾਗਮਤੀ ਨਦੀ ਦੇ ਕਿਨਾਰੇ ਉਪਰ ਬਣਿਆ ਹੋਇਆ ਹੈ।

ਪਸ਼ੂਪਤੀ ਨਾਥ ਸ਼ਬਦ ਦੋ ਸ਼ਬਦਾਂ ਤੋਂ ਮਿਲ ਕੇ ਬਣਿਆ ਹੈ। (ਪਸ਼ੂ+ਪਤੀ ਨਾਥ) ਪਸ਼ੂ ਤੋਂ ਅਰਥ ਹੈ ਸਮੁੱਚੇ ਪ੍ਰਾਣੀਆਂ ਦਾ ਜੀਵਨ ਅਤੇ ਪਤੀ ਨਾਥ ਤੋਂ ਭਾਵ ਹੈ ਜੀਵਨ ਦੀ ਰੱਖਿਆ ਕਰਨ ਵਾਲਾ, ਜਿਸ ਅਨੁਸਾਰ ਭਗਵਾਨ ਸ਼ਿਵ ਹੀ ਇਸ ਸ੍ਰਿਸ਼ਟੀ ਦੇ ਜੀਵਾਂ ਦੀ ਰੱਖਿਆ ਕਰਦੇ ਹਨ। ਸ਼ਿਵ ਜੀ ਭਗਵਾਨ ਦੇ 12 ਜੋਤਰ ਲਿੰਗਾ ਵਿੱਚੋਂ ਇੱਕ ਪੰਜ ਮੁੱਖ ਸਿਵਲਿੰਗ ਇਥੇ ਸਥਿਤ ਹੈ। ਇਤਿਹਾਸਿਕ ਤੇ ਮਿਥਿਹਾਸਕ ਹਵਾਲਿਆਂ ਅਨੁਸਾਰ ਇਸ ਦਾ ਸੰਬੰਧ ਮਹਾਂਭਾਰਤ ਨਾਲ ਵੀ ਜੋੜਿਆ ਜਾਂਦਾ ਹੈ। ਮਹਾਂਭਾਰਤ ਦਾ ਯੁੱਧ 18 ਦਿਨ ਚਲਿਆ ਸੀ ਤੇ ਪਾਂਡਵ ਭਰਾ ਇਸ ਯੁੱਧ ਵਿੱਚ ਜੇਤੂ ਰਹੇ ਸਨ। ਪਾਂਡਵਾਂ ਨੇ ਆਪਣੇ ਸਕੇ ਸੰਬੰਧੀਆਂ ਦਾ ਬੇਤਹਾਸ਼ਾ ਖੂਨ ਬਹਾਇਆ ਸੀ, ਜਿਸ ਤੋਂ ਭਗਵਾਨ ਸ਼ਿਵ ਪਾਂਡਵਾਂ ਨਾਲ ਨਰਾਜ਼ ਹੋ ਗਏ ਸਨ।

ਭਗਵਾਨ ਕ੍ਰਿਸ਼ਨ ਨੇ ਪਾਂਡਵਾਂ ਨੂੰ ਭਗਵਾਨ ਸ਼ਿਵ ਤੋਂ ਮੁਆਫੀ ਮੰਗਣ ਲਈ ਭੇਜਿਆ ਸੀ। ਪਾਂਡਵ ਭਰਾ ਭਗਵਾਨ ਸ਼ਿਵ ਤੋਂ ਮੁਆਫੀ ਮੰਗਣ ਲਈ ਕਾਂਸੀ ਪਹੁੰਚੇ ਸਨ ਪਰ ਸ਼ਿਵ ਜੀ ਕੇਦਾਰਨਾਥ ਚਲੇ ਗਏ,ਪਾਂਡਵ ਵੀ ਉਹਨਾਂ ਪਿੱਛੇ ਕੇਦਾਰਨਾਥ ਪਹੁੰਚ ਗਏ, ਪਾਂਡਵਾਂ ਨੂੰ ਦੇਖ ਕੇ ਸ਼ਿਵਜੀ ਨੇ ਇੱਕ ਬੈਲ ਦਾ ਰੂਪ ਧਾਰਨ ਕਰ ਲਿਆ ਸੀ, ਪਾਂਡਵਾਂ ਨੇ ਭਗਵਾਨ ਸ਼ਿਵ ਨੂੰ ਪਛਾਣ ਲਿਆ ਸੀ। ਭਗਵਾਨ ਸ਼ਿਵ ਜੀ ਬੈਲ ਰੂਪ ਵਿਚ ਧਰਤੀ ਵਿੱਚ ਅਲੋਪ ਹੋ ਗਏ ਸਨ ਪਰ ਉਹਨਾਂ ਦੇ ਸਰੀਰ ਦਾ ਕੁੱਝ ਹਿੱਸਾ ਬਾਹਰ ਹੋਣ ਕਾਰਨ ਭੀਮ ਨੇ ਉਹਨਾਂ ਨੂੰ ਬਾਹਰ ਖਿੱਚ ਲਿਆ ਸੀ, ਇਸ ਤੋਂ ਬਾਅਦ ਤਤਕਾਲ ਹੀ ਉਹਨਾਂ ਨੇ ਪਾਂਡਵਾਂ ਨੂੰ ਦਰਸ਼ਨ ਦਿੱਤੇ ਅਤੇ ਉਹਨਾਂ ਨੂੰ ਪਾਪ ਤੋਂ ਮੁਕਤ ਕਰ ਦਿੱਤਾ ਸੀ।

ਇਸ ਦੌਰਾਨ ਹੀ ਉਹਨਾਂ ਦਾ ਧੜ ਦਾ ਉਪਰਲਾ ਹਿੱਸਾ ਕਾਠਮੰਡੂ ਵਿੱਚ ਪ੍ਰਗਟ ਹੋਇਆ ਸੀ, ਜਿੱਥੇ ਅੱਜ ÷ਪਸ਼ੂਪਤੀ ਨਾਥ÷ ਮੰਦਰ ਸਥਿਤ ਹੈ। ਕੇਦਾਰਨਾਥ ਨੂੰ ਸ਼ਿਵਜੀ ਦੀ ਪਿੱਠ ਵਜੋਂ ਪੂਜਿਆ ਜਾਂਦਾ ਹੈ,ਇਸ ਤਰਾਂ ਕੇਦਾਰ ਨਾਥ ਅਤੇ ਪਸ਼ੂਪਤੀ ਮੰਦਰ ਦਾ ਆਪਸ ਵਿੱਚ ਬਹੁਤ ਗਹਿਰਾ ਸਬੰਧ ਮੰਨਿਆ ਜਾਂਦਾ ਹੈ। ਇਹ ਦੋਵੇਂ ਤੀਰਥ ਸਥਾਨ ਇੱਕ ਦੂਜੇ ਤੋਂ ਬਿਨਾਂ ਅਧੂਰੇ ਮੰਨੇ ਜਾਂਦੇ ਹਨ। ਇਹ ਵੀ ਮੰਨਿਆ ਜਾਂਦਾ ਹੈ ਕਿ ਇਸ ਮੰਦਰ ਨੂੰ ਪਹਿਲੀ ਵਾਰ 15 ਵੀਂ ਸਦੀ ਵਿੱਚ ਲਛਵੀ ਤੇ ਰਾਜਾ ਸੰਪੂਸਵਾ ਨੇ ਤੇ ਪੈਕਾਡਾ ਸ਼ੈਲੀ ਵਿੱਚ ਬਣਾਇਆ ਸੀ। ਇਸ ਮੰਦਰ ਦੀ ਉਚਾਈ 23 ਮੀਟਰ ਹੈ ਅਤੇ ਇਸ ਦੇ ਚਾਰ ਦਰਵਾਜ਼ੇ ਹਨ। ਪਸ਼ੂਪਤੀ ਮੰਦਰ ਵਿੱਚ ਹਰ ਸਾਲ ਮਹਾਸ਼ਿਵਰਾਤਰੀ, ਚਤੁਰਥੀ ਅਤੇ ਤੀਜ ਦੇ ਤਿਉਹਾਰ ਬੜੀ ਧੂਮਧਾਮ ਨਾਲ ਮਨਾਏ ਜਾਂਦੇ ਹਨ। ਅੱਜ ਤੱਕ ਲੱਖਾਂ ਸ਼ਰਧਾਲੂ ਇਸ ਪ੍ਰਸਿੱਧ ਮੰਦਰ ਦੇ ਦਰਸ਼ਨ ਕਰ ਚੁੱਕੇ ਹਨ। ਸੰਸਾਰ ਭਰ ਵਿੱਚ ਪ੍ਰਸਿੱਧ ਇਸ ਮੰਦਰ ਨੂੰ ਯੂਨੈਸਕੋ ਵੱਲੋਂ ਵਿਸ਼ਵ ਹੈਰੀਟੇਜ ਦਾ ਦਰਜ਼ਾ ਵੀ ਪ੍ਰਾਪਤ ਹੈ। ਆਓ ਇਸ ਇਸ ਪਵਿੱਤਰ ਮੰਦਰ ਦੇ ਦਰਸ਼ਨ ਕਰੀਏ ਤੇ ਨੇਪਾਲ ਦੀਆਂ ਹੋਰ ਵੀ ਬਹੁਤ ਸਾਰੀਆਂ ਪ੍ਰਸਿੱਧ ਸੈਰਗਾਹਾ ਦਾ ਆਨੰਦ ਮਾਣੀਏ।

ਇਸ ਹ਼ਫ਼ਤੇ ਦਾ ਕਵੀ



ਸੁਖਵਿੰਦਰ ਚਹਿਲ ਖੇਤ 'ਚ ਉੱਗੀ ਸੂਲੀ ਨਾਵਲ ਤੇ ਆਪਣੇ ਸਾਹਿਤਕ ਗੀਤਾਂ ਰਾਹੀਂ ਜ਼ਿਕਰਯੋਗ ਪਛਾਣ ਬਣਾ ਚੁੱਕਿਆ ਹੈ। ਸੁਖਵਿੰਦਰ ਤੇ ਨਜ਼ਮ ਦਾ ਵੀ ਗੂੜ੍ਹਾ ਰੰਗ ਚੜ੍ਹਿਆ ਹੈ। ਉਸ ਦੀ ਕਵਿਤਾ ਦੇ ਅਹਿਸਾਸ ਕੋਮਲ ਹੁੰਦੇ ਹਨ। ਉਹ ਜਾਣਦਾ ਹੈ ਕਿ ਕਵਿਤਾ ਵਾਧੂ ਸ਼ਬਦਾਂ ਦਾ ਬੋਝ ਨਹੀਂ ਸਹਾਰਦੀ। ਕਵੀ ਦੀ ਕਵਿਤਾ ਵਿਚ ਜ਼ਿਸ਼ਤਿਆਂ ਦਾ ਦਰਦ ਵੀ ਹੁੰਦਾ ਤੇ ਨਿੱਘ ਵੀ। ਉਹ ਮੁਹੱਬਤੀ ਮਨੁੱਖ ਹੈ ਇਸ ਲਈ ਉਸ ਦੀ ਕਵਿਤਾ ਤੇ ਵੀ ਮੁਹੱਬਤੀ ਰੰਗ ਗੂੜ੍ਹਾ ਚੜ੍ਹਿਆ ਹੋਇਆ। ਉਹ ਕਵਿਤਾ ਸਹੀਂ ਸਹਿਜ ਰੂਪ ਵਿਚ ਖੂਬਸੂਰਤ ਗੱਲ ਕਹਿ ਜਾਂਦਾ। ਉਸ ਦੇ ਕੋਲ ਕਹਿਣ ਲਈ ਬਹੁਤ ਕੁਝ ਹੈ ਪਰ ਉਹ ਅਣ ਕਹੇ ਦਾ ਮਹੱਤਵ ਵੀ ਜਾਣਦਾ। ਕਵੀ ਆਪਣੀ ਕਵਿਤਾ ਰਾਹੀਂ ਦ੍ਰਿਸ਼ ਸਿਰਜ ਲੈਂਦਾ ਹੈ। ਉਹ ਕਵਿਤਾ ਏਦਾਂ ਲਿਖਦਾ ਜਿਵੇਂ ਤਸਵੀਰ ਖਿੱਚ ਰਿਹਾ ਹੋਵੇ। ਕਵੀ ਦੀ ਕਵਿਤਾ ਵਿਚ ਰਵਾਨੀ ਹੈ। ਸੁਖਵਿੰਦਰ ਦੀ ਕਵਿਤਾ ਵਿਚ ਗਰੀਬ ਦਾ ਦਰਦ ਹੈ। ਉਸ ਦੀ ਸੰਵੇਦਨਸ਼ੀਲਤਾ ਉਸ ਤੋਂ ਉਹ ਬਹੁਤ ਕੁੱਝ ਲਿਖਾ ਲੈਂਦੀ ਹੈ ਜੋ ਹੋਰ ਲੋਕਾਂ ਨੂੰ ਨਹੀਂ ਦਿਸ ਰਿਹਾ ਹੁੰਦਾ। ਨੌਕਰੀ ਤੇ ਖੂਬਸੂਰਤ ਮਨੁੱਖ ਸੁਖਵਿੰਦਰ ਚਹਿਲ ਸੋਹਣੇ ਰਾਹ ਤੇ ਹੈ। ਸੋਹਣੀ ਕਵਿਤਾ ਲਿਖ ਰਹੇ ਕਵੀ ਦੀ ਕਵਿਤਾ ਦਾ ਭਰਪੂਰ ਸਵਾਗਤ ਹੈ।

-ਨਵਦੀਪ ਸਿੰਘ ਮੁੰਡੀ

ਕਵਿਤਾ-ਤੇਰੇ ਛੱਡ ਜਾਣ ਤੋਂ ਬਾਅਦ

ਤੇਰੇ
ਛੱਡ ਜਾਣ ਤੋਂ ਬਾਅਦ
ਮੈਂ, ਤੇਰੀਆਂ ਯਾਦਾਂ
ਆਪਣੀਆਂ ਕੀਤੀਆਂ
ਗੱਲਾਂ ਦਾ ਖਜ਼ਾਨਾ
ਮੇਰੇ
ਸਾਰੇ ਜਜ਼ਬਾਤ
ਮੇਰਾ
ਸਾਰੇ ਦਾ ਸਾਰਾ ਰੋਣਾ
ਮੇਰਾ
ਸਾਰਾ ਹਿਜ਼ਰ
ਕਰ ਕੇ ਇਕੱਠਾ
ਸੁੱਟ ਦਿੱਤਾ ਖਲਾਅ ਵਿਚ
ਇਹ ਜੋ ਹੋ ਰਹੀ ਐ
ਇਕੱਲੀ ਬਾਰਿਸ਼ ਨਹੀਂ।

-ਸੁਖਵਿੰਦਰ ਚਹਿਲ

ਕਵਿਤਾ

ਬਾਹਲਾ ਮਿੱਠਾ ਪੀ ਨੀਂ ਹੁੰਦਾ
ਚਾਹ ਬਿਨਾਂ ਪਰ ਜੀਅ ਨੀਂ ਹੁੰਦਾ
ਆਪਣਿਆਂ ਨੇ ਦਿੱਤਾ ਏ
ਤਾਹੀਂ ਤਾਂ ਫੱਟ ਸੀਅ ਨੀਂ ਹੁੰਦਾ
ਸੱਜਣਾਂ ਨੇ ਹੱਥ ਪਿੱਛੇ ਖਿੱਚ ਲਏ
ਨਹੀਂ ਹੋਣ ਨੂੰ ਕੀ ਨੀਂ ਹੁੰਦਾ
ਮੂੰਹ 'ਤੇ ਗੱਲ ਕਹਿਣ ਦਾ ਆਦੀ
ਮੋਥੋਂ ਵੀ ਗੀਂ ਗੀਂ ਨੀਂ ਹੁੰਦਾ

-ਸੁਖਵਿੰਦਰ ਚਹਿਲ

ਕਵਿਤਾ/ਤੈਨੂੰ ਮਿਲ ਕੇ

ਤੈਨੂੰ ਮਿਲ ਕੇ
ਇਸ ਤਰ੍ਹਾਂ ਹੁੰਦਾ ਹੈ ਮਹਿਸੂਸ
ਜਿਵੇਂ ਹਾੜ ਮਹੀਨੇ
ਮਿਲ ਜਾਵੇ ਪਿਆਸੇ ਨੂੰ ਪਾਣੀ
ਤੈਨੂੰ ਮਿਲ ਕੇ
ਮੈਂ
ਹੋ ਜਾਂਦਾ ਹਾਂ ਠੰਡਾ ਸੀਤ
ਐਨ ਜਮਾ
ਡੱਲ ਲੇਕ ਦੇ ਪਾਣੀ ਵਰਗਾ
ਤੈਨੂੰ ਮਿਲ ਕੇ
ਮੈਨੂੰ ਆਵਾ ਗੌਨ ਤੋਂ
ਮਿਲ ਗਿਆ ਲੱਗਦਾ ਹੈ
ਛੁੱਟਕਾਰਾ
ਤੈਨੂੰ ਮਿਲਣਾ
ਵਾਦੀ ਦੀ ਪਹਿਲੀ ਸਨੋ ਨੂੰ
ਮਿਲਣ ਵਰਗਾ ਲੱਗਦੈ
ਤੈਨੂੰ
ਇੱਕ ਗੱਲ ਦੱਸਾਂ
ਮੇਰਾ ਤੇਰੇ ਨਾਲ ਮਿਲਣਾ
ਤੇਰੇ 'ਤੇ ਸ਼ੁਰੂ ਹੋ ਕੇ
ਤੇਰੇ 'ਤੇ ਖਤਮ ਹੋ ਜਾਂਦੈ

-ਸੁਖਵਿੰਦਰ ਚਹਿਲ

ਕਵਿਤਾ-ਰੱਬ ਵਰਗਾ

ਜਦੋਂ
ਹੋ ਜਾਂਦਾ ਹੈ
ਬੱਚਾ ਅਨਾਥ
ਜਦੋਂ
ਤੁਰ ਜਾਂਦਾ ਹੈ
ਬੁਢਾਪੇ ਦਾ ਇਕਲੌਤਾ ਸਹਾਰਾ
ਜਦੋਂ
ਮੈਲੇ ਕੱਪੜਿਆਂ ਵਿੱਚ ਬਚਪਨ
ਕੂੜੇ ਵਿੱਚੋਂ ਲੱਭ ਰਿਹਾ ਹੁੰਦੈ
ਖਾਲੀ ਬੋਤਲਾਂ ਤੇ ਹੋਰ ਨਿੱਕ ਸੁੱਕ
ਜਦੋਂ
ਕੋਈ ਧੀ ਸੜ ਰਹੀ ਹੁੰਦੀ ਹੈ
ਦਹੇਜ ਦੇ ਲਾਲਚੀ ਦੀ
ਲਾਈ ਅੱਗ ਵਿੱਚ
ਜਦੋਂ
ਬੁਢੇਪਾ ਰੁਲ ਰਿਹਾ ਹੁੰਦੈ
ਆਸ਼ਰਮਾਂ ਵਿੱਚ
ਜੇ ਤੈਨੂੰ
ਉਦੋਂ ਫਰਕ ਨਹੀਂ ਪੈਂਦਾ
ਤਾਂ ਐਂ ਕਰ ਰੱਬਾ
ਮੈਨੂੰ ਵੀ ਆਪਣੇ ਵਰਗਾ ਕਰ ਲੈ।

-ਸੁਖਵਿੰਦਰ ਚਹਿਲ

ਕਵਿਤਾ-ਵਹਿਮ

ਉਸ ਦੇ
ਛੱਡ ਜਾਣ ਤੋਂ ਬਾਅਦ
ਸੂਰਜ ਤਾਂ ਅੱਜ ਵੀ
ਪੂਰਬ ਤੋਂ ਹੀ
ਚੜਿਆ
ਧਰਤੀ ਤਾਂ ਅੱਜ ਵੀ
ਕਰ ਰਹੀ ਹੈ
ਸੂਰਜ ਦੀ ਪਰਕਰਮਾ
ਅੱਜ ਵੀ ਆ ਰਹੀ ਹੈ
ਅਵਾਜ਼
ਪੰਛੀਆਂ ਦੇ
ਚਹਿ ਚਹਾਉਂਣ ਦੀ
ਹਰ ਰੋਜ਼ ਦੀ
ਤਰ੍ਹਾਂ
ਅੱਜ ਵੀ ਲੱਗ ਗਏ ਨੇ
ਲੋਕ
ਆਪੋ ਆਪਣੇ ਕੰਮਾਂ 'ਤੇ
ਸਮਾਂ ਚੱਲ ਰਿਹਾ ਹੈ
ਓਸੇ ਤਰ੍ਹਾਂ
ਆਪਣੀ ਚਾਲ
ਕੁੱਝ ਵੀ ਨਹੀਂ
ਬਦਲਿਆ
ਰੋਜ਼ ਮਰਾ ਦੀ
ਜ਼ਿੰਦਗੀ ਵਿਚ

-ਸੁਖਵਿੰਦਰ ਚਹਿਲ

ਗ਼ਜ਼ਲ

ਸੌਖਾ ਨਹੀਂ ਹੈ ਮਨ ਸਮਝਾਉਣਾ।
ਇੱਕ ਥਾਂ ਤੋਂ ਦੂਜੇ ਥਾਂ ਲਾਉਣਾ।
ਸਾਰੇ ਹੀ ਰੱਬ ਪਾ ਲੈਂਦੇ, ਜੇ
ਐਨਾ ਸੌਖਾ ਹੁੰਦਾ ਪਾਉਣਾ।
ਰਾਗ ਅਲਾਪਣ ਸਾਰੇ ਹੀ, ਪਰ
ਔਖਾ ਹੁੰਦੈ ਲੈਅ ਵਿੱਚ ਗਾਉਣਾ।
ਕੰਮ ਤਾਂ ਏਥੇ ਮੁੱਕਦੇ ਨਹੀਂ, ਪਰ
ਬਹੁਤ ਜ਼ਰੂਰੀ ਹੁੰਦੈ ਸਾਉਣਾ।
ਦੁਨੀਆਂ ਤਾਂ ਗੋਰਖ-ਧੰਦਾ ਹੈ,
ਪੈਂਦਾ ਹੈ ਪਰ ਮਨ ਪਰਚਾਉਣਾ।
ਰਿਸ਼ਤੇ ਨਾਤੇ ਸਭ ਝੂਠੇ ਨੇ,
ਤੇਰੇ ਕੰਮ ਕਿਸੇ ਨਾ ਆਉਣਾ।
ਕਹਿ ਦੇਣਾ ਤਾਂ ਸੌਖਾ ਹੈ, ਪਰ
ਔਖਾ ਹੁੰਦੈ ਦਰਦ ਹੰਢਾਉਣਾ।
'ਸੋਹਣ' ਅੰਤ ਸਮਾਂ ਜਦ ਆਵੇ,
ਔਖੇ ਗੁਰ ਦਾ ਬਚਨ ਕਮਾਉਣਾ।

-ਸੋਹਣ ਸਿੰਘ ਬੈਨੀਪਾਲ

ਵਾਹ ! ਨੇਤਾ ਜੀ ਦਾ ਐਲਾਨ (ਮਿੰਨੀ ਕਹਾਣੀ)

ਪੰਜਾਬ ਦੇ ਇਕ ਕਸਬੇ ਵਿਚ ਸੁੱਖੀ ਰਾਮ ਨਾਂ ਦੇ ਇਕ ਵਿਅਕਤੀ ਦਾ ਪ੍ਰੀਵਾਰ ਬਹੁਤ ਹੀ ਸੁੱਖੀ ਵਸਦਾ ਸੀ। ਸੁੱਖ ਨਾਲ ਉਸ ਪ੍ਰੀਵਾਰ ਵਿਚ ਉਹ, ਉਸਦੇ ਘਰਵਾਲੀ ਅਤੇ ਦੋ ਛੋਟੇ ਬੱਚੇ ਸਨ। ਘਰ ਦਾ ਗੁਜਾਰਾ ਵੀ ਠੀਕ ਚੱਲ ਰਿਹਾ ਸੀ ਅਤੇ ਕੋਈ ਬਹੁਤੀ ਆਰਥਿਕ ਤੰਗੀ ਵੀ ਨਹੀਂ ਸੀ।



ਅਚਾਨਕ ਹੀ ਇਕ ਦਿਨ ਸੁੱਖੀ ਰਾਮ ਨੇ ਆਪਣੀ ਘਰਵਾਲੀ ਨੂੰ ਕਿਹਾ, "ਸੁਣੇ ਜੀ, ਨੇਤਾ ਜੀ ਨੇ ਐਲਾਨ ਕੀਤਾ ਹੈ ਕਿ ਜਿਸ ਪ੍ਰੀਵਾਰ ਵਿਚ ਤਿੰਨ ਬੱਚੇ ਹੋਣਗੇ ਉਨ੍ਹਾਂ ਨੂੰ ਮੁਫ਼ਤ ਘਰ, ਮੁਫ਼ਤ ਬਿਜਲੀ, ਮੁਫ਼ਤ ਆਟਾ, ਦਾਲ, ਚਾਹ, ਤੇਲ ਅਤੇ ਚੀਨੀ ਮਿਲਿਆ ਕਰੇਗੀ, ਪਰ ਆਪਣੇ ਦੋ ਬੱਚੇ ਹਨ ਅਤੇ ਮੇਰੇ ਦੋਸਤ ਕੋਲ ਇੱਕ ਬੱਚਾ ਹੈ ਅਤੇ ਉਸ ਬੱਚੇ ਦੀ ਮਾਂ ਨਹੀਂ , ਮੈਂ ਉਸ ਬੱਚੇ ਨੂੰ ਘਰ ਲੈ ਆਉਂਦਾ ਹਾਂ, ਬੱਚੇ ਤਿੰਨ ਹੋ ਜਾਣਗੇ।"

ਇਹ ਕਹਿ ਕੇ ਉਹ ਤੀਜਾ ਬੱਚਾ ਲੈਣ ਲਈ ਆਪਣੇ ਦੋਸਤ ਦੇ ਘਰ ਚਲਾ ਗਿਆ। ਜਦੋਂ ਬੱਚਾ ਲੈ ਕੇ ਵਾਪਸ ਆਇਆ ਤਾ ਦੇਖਿਆ ਕਿ ਦੋ ਬੱਚੇ ਘਰ ਨਹੀਂ ਸਨ ਤਾਂ ਉਸਨੇ ਘਰਵਾਲੀ ਤੋਂ ਦੋਹਾਂ ਬੱਚਿਆਂ ਬਾਰੇ ਪੁੱਛਿਆ ਤਾਂ ਘਰਵਾਲੀ ਨੇ ਕਿਹਾ "ਉਹ ਦੋਨੋਂ ਬੱਚੇ ਉਸਦੀ ਇਕ ਸਹੇਲੀ ਲੈ ਗਈ ਕਿਉਂਕਿ ਉਨ੍ਹਾਂ ਦੇ ਘਰ ਕੇਵਲ ਇੱਕ ਹੀ ਬੱਚਾ ਸੀ, ਹੁਣ ਤਿੰਨ ਹੋ ਜਾਣਗੇ ਉਸਨੇ ਵੀ ਨੇਤਾ ਜੀ ਦਾ ਮੁਫ਼ਤ ਵਾਲਾ ਐਲਾਨ ਸੁਣ ਲਿਆ ਸੀ।"

ਸੁੱਖੀ ਰਾਮ ਇਹ ਸੁਣ ਬਹੁਤ ਦੁੱਖੀ ਹੋਇਆ ਕਿਉਂਕਿ ਹੁਣ ਉਹ ਮੁਫ਼ਤ ਦੀ ਸ਼ਰਤ ਤੋਂ ਬਾਹਰ ਹੋ ਗਿਆ ਸੀ। ਘਰ ਵਿਚ ਝਗੜਾ ਰਹਿਣ ਲੱਗਿਆ, ਮੁਫ਼ਤ ਵਾਲੇ ਐਲਾਨ ਨੇ ਘਰ ਵਿਚ ਕਲੇਸ਼ ਸ਼ੁਰੂ ਕਰ ਦਿੱਤਾ ਸੀ। ਕਲੇਸ਼ ਤੋਂ ਦੁਖੀ ਹੋ ਕੇ ਘਰਵਾਲੀ ਪੇਕੇ ਚਲੀ ਗਈ ਅਤੇ ਨੌਬਤ ਤਲਾਕ ਤੱਕ ਪਹੁੰਚ ਗਈ। ਸੱਚ ਵਿਚ ਹੀ ਨੇਤਾ ਜੀ ਦੇ ਮੁਫ਼ਤ ਵਾਲੇ ਐਲਾਨ ਨੇ ਇੱਕ ਸੁੱਖੀ ਵਸਦਾ ਹੱਸਦਾ ਘਰ ਬਰਬਾਦ ਕਰ ਦਿੱਤਾ ਸੀ ਅਤੇ ਸਰਕਾਰੀ ਮੁਫ਼ਤਖੋਰੀ ਨੇ ਪਤੀ-ਪਤਨੀ ਵਿਚ ਦੁਫੇੜ ਪਾ ਦਿੱਤੀ ਸੀ।

-ਬਹਾਦਰ ਸਿੰਘ ਗੋਸਲ,
ਮਕਾਨ ਨੰ: 3098 ਸੈਕਟਰ-37ਡੀ,
ਚੰਡੀਗੜ੍ਹ। ਮੋ. ਨੰ: 9876452223

ਹਾਸ ਵਿਅੰਗ/ਪਾਗਲ



ਮੈਂ ਤੇ ਮੇਰਾ ਦੋਸਤ ਸੁਰਿੰਦਰ ਇੱਕ ਗਲੀ ਵਿੱਚੋਂ ਲੰਘ ਰਹੇ ਸੀ। ਤਾਂ ਸਾਹਮਣੇ ਇੱਕ ਬਹੁਤ ਸੁਹਣਾ ਸੁਨੱਖਾ ਮੁੰਡਾ ਕੱਲਾ ਹੀ ਉੱਚੀ ਉੱਚੀ ਗਾਲ੍ਹਾਂ ਕੱਢਦਾ ਆਵੇ।



ਸੁਰਿੰਦਰ ਮੈਨੂੰ ਕਹਿੰਦਾ ਸਾਹਮਣੇ ਦੇਖ ਯਾਰ, ਕਿੱਡਾ ਸੁਹਣਾ ਮੁੰਡੈ, ਪਰ ਵਿਚਾਰਾ 'ਪਾਗਲ?' ਐ। ਕਿਵੇਂ ਗਾਲ੍ਹਾਂ ਕੱਢਦਾ ਤੁਰਿਆ ਆਉਂਦੈ। ਰੱਬ ਕਿਸੇ ਨੂੰ ਵੀ ਅਜਿਹਾ ਧੀ ਪੁੱਤ ਨਾ ਦੇਵੇ। ਕੀ ਬੀਤਦੀ ਹੋਊ..? ਵਿਚਾਰੇ ਮਾਪਿਆਂ ਤੇ।

ਰਮੇਸ਼ ਐਮ.ਐਮ.
ਰੀਵਿਊ ਕਰਤਾ : ਹਾਸ-ਵਿਅੰਗਕਾਰ, ਬਠਿੰਡਾ

ਮੁੰਡੇ ਨੂੰ ਦੇਖ ਮੈਂ ਵੀ ਬਹੁਤ ਚਿੰਤਾਤੁਰ ਹੋ ਗਿਆ। ਤੇ ਅਸੀਂ ਇੱਕ ਪਾਸੇ ਜਿਹੇ ਹੋਕੇ ਖੜ੍ਹ ਗਏ, ਇਹੋ ਜੇ ਪਾਗਲ ਦਾ ਕੀ ਪਤੈ..? ਕਿਤੇ ਸਾਡੇ ਗਲ ਈ ਨਾ ਪੈਜੇ..?

ਪਰ ਜਦੋਂ ਉਹ ਸਾਡੇ ਨੇੜੇ ਆਇਆ ਤਾਂ ਪਤਾ ਲੱਗਿਆ ਕਿ ਉਹ ਤਾਂ ਇੱਕ ਕੰਨ 'ਚ ਬਿਨ੍ਹਾਂ ਤਾਰ ਵਾਲਾ ਈਅਰ ਫ਼ੋਨ ਲਾਕੇ ਮੋਬਾਈਲ ਫ਼ੋਨ ਤੇ ਕਿਸੇ ਨੂੰ ਗਾਲ੍ਹਾਂ ਕੱਢ ਰਿਹਾ ਸੀ..। ਪਾਗਲ ਉਹ ਨੀ, ਪਾਗਲ ਤਾਂ ਅਸੀਂ ਸੀ, ਜਿਹੜੇ ਉਹਨੂੰ ਪਾਗਲ ਸਮਝ ਰਹੇ ਸੀ।

ਗੁਸਤਾਖੀ ਮੁਆਫ਼

ਤੈਮੂਰ ਲੰਗ ਨੇ ਜਦੋਂ ਦਿੱਲੀ ਜਿੱਤ ਲਈ ਤਾਂ ਉਸਨੇ ਦਿੱਲੀ ਦੀ ਜਿੱਤ ਦਾ ਜਸ਼ਨ ਮਨਾਉਣ ਦਾ ਹੁਕਮ ਦਿੱਤਾ।

ਇਸ ਵਿੱਚ ਜ਼ਾਹਿਰ ਹੈ ਕਿ ਗਾਇਕਾਂ ਨੂੰ ਵੀ ਗਾਉਣ ਲਈ ਬੁਲਾਇਆ ਗਿਆ ਸੀ। ਰੱਬ ਹੀ ਜਾਣਦਾ ਕੀ ਕਾਰਨ ਹੋ ਸਕਦਾ ਸੀ, ਪਰ ਉਸਤਾਦ ਗਾਇਕਾਂ ਵਿੱਚੋਂ ਕੋਈ ਵੀ ਇਸ ਜਸ਼ਨ ਵਿੱਚ ਸ਼ਾਮਿਲ ਹੋਣ ਲਈ ਨਹੀਂ ਆਇਆ। ਦਰਬਾਰੀਆਂ ਨੇ ਬੜੀ ਭਾਲ ਤੋਂ ਬਾਅਦ ਇੱਕ ਅੰਨ੍ਹਾ ਗਾਇਕ ਲੱਭ ਲਿਆ। ਇਹ ਅੰਨ੍ਹਾ ਗਾਇਕ ਬਹੁਤ ਹੀ ਸੁਰੀਲੀ ਆਵਾਜ਼ ਵਿੱਚ ਗਾਉਂਦਾ ਸੀ। ਉਸ ਨੇ ਤੈਮੂਰ ਦੇ ਸਾਹਮਣੇ ਗੀਤ ਗਾ ਕੇ ਉਸ ਦਾ ਦਿਲ ਖੁਸ਼ ਕਰ ਦਿੱਤਾ। ਰਾਜੇ ਨੇ ਗਾਇਕ ਤੋਂ ਉਸਦਾ ਨਾਮ ਪੁੱਛਿਆ। ਗਾਇਕ ਨੇ ਜਵਾਬ ਦਿੱਤਾ, 'ਦੌਲਤ ਖਾਨ'।

ਇਸ 'ਤੇ ਤੈਮੂਰ ਹੱਸ ਪਿਆ। ਉਸ ਨੇ ਮਜ਼ਾਕ ਉਡਾਉਂਦੇ ਹੋਏ ਕਿਹਾ, "ਕੀ ਦੌਲਤ ਵੀ ਅੰਨ੍ਹੀ ਹੁੰਦੀ ਹੈ।

ਦੌਲਤ ਖਾਨ ਨੇ ਬਿਨਾ ਡਰੇ ਜੁਆਬ ਦਿੱਤਾ-ਜੇਕਰ ਅੰਨ੍ਹੀ ਨਾ ਹੁੰਦੀ ਤਾਂ ਲੰਗੜੇ ਦੇ ਘਰ ਕਿਉ

ਬੁੱਢੇ ਹੁੰਦੇ ਸਰੀਰ ਲਈ ਨਵੀਂ ਉਮੀਦ

ਵਿਗਿਆਨੀਆਂ ਦੀ ਖੋਜ ਮਾਸਪੇਸ਼ੀਆਂ ਦੇ ਮੁੜ ਨਿਰਮਾਣ ਨੂੰ ਦੇ ਸਕਦੀ ਹੈ ਨਵੀਂ ਰਫ਼ਤਾਰ

ਉਮਰ ਦਾ ਵਧਣਾ ਜੀਵਨ ਦਾ ਕੁਦਰਤੀ ਨਿਯਮ ਹੈ, ਪਰ ਇਸ ਦੇ ਨਾਲ ਸਰੀਰ ਵਿੱਚ ਕਈ ਤਰ੍ਹਾਂ ਦੇ ਬਦਲਾਅ ਵੀ ਆਉਂਦੇ ਹਨ। ਇਨ੍ਹਾਂ ਵਿੱਚੋਂ ਇੱਕ ਸਭ ਤੋਂ ਵੱਡੀ ਸਮੱਸਿਆ ਹੈ ਮਾਸਪੇਸ਼ੀਆਂ ਦੀ ਤਾਕਤ ਦਾ ਹੌਲੀ-ਹੌਲੀ ਘਟਣਾ ਅਤੇ ਸੱਟ ਜਾਂ ਬਿਮਾਰੀ ਤੋਂ ਬਾਅਦ ਉਨ੍ਹਾਂ ਦਾ ਦੇਰ ਨਾਲ ਠੀਕ ਹੋਣਾ। ਜਿਵੇਂ-ਜਿਵੇਂ ਉਮਰ ਵਧਦੀ ਹੈ, ਤੁਰਨਾ-ਫਿਰਨਾ, ਪੌੜੀਆਂ ਚੜ੍ਹਨਾ, ਭਾਰ ਚੁੱਕਣਾ ਅਤੇ ਰੋਜ਼ਾਨਾ ਦੇ ਕੰਮ ਕਰਨਾ ਵੀ ਮੁਸ਼ਕਲ ਹੋ ਸਕਦਾ ਹੈ। ਪਰ ਹੁਣ ਵਿਗਿਆਨੀਆਂ ਦੀ ਇੱਕ ਨਵੀਂ ਖੋਜ ਨੇ ਇਸ ਖੇਤਰ ਵਿੱਚ ਉਮੀਦ ਦੀ ਇੱਕ ਨਵੀਂ ਕਿਰਨ ਜਗਾਈ ਹੈ।

ਖੋਜਕਾਰਾਂ ਨੇ ਇੱਕ ਅਜਿਹੇ ਯੌਗਿਕ ਦੀ ਪਛਾਣ ਕੀਤੀ ਹੈ ਜੋ ਉਮਰ ਦੇ ਨਾਲ ਕਮਜ਼ੋਰ ਹੋ ਰਹੀਆਂ ਮਾਸਪੇਸ਼ੀਆਂ ਦੀ ਮੁਰੰਮਤ ਅਤੇ ਮੁੜ ਵਿਕਾਸ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਵਿੱਚ ਮਦਦ ਕਰ ਸਕਦਾ ਹੈ। ਹਾਲਾਂਕਿ ਇਹ ਖੋਜ ਅਜੇ ਸ਼ੁਰੂਆਤੀ ਪੜਾਅ ਵਿੱਚ ਹੈ, ਪਰ ਇਸ ਨੇ ਬਜ਼ੁਰਗਾਂ ਦੀ ਸਿਹਤ ਸੰਭਾਲ ਦੇ ਖੇਤਰ ਵਿੱਚ ਨਵੀਆਂ ਸੰਭਾਵਨਾਵਾਂ ਪੈਦਾ ਕਰ ਦਿੱਤੀਆਂ ਹਨ।



ਉਮਰ ਨਾਲ ਮਾਸਪੇਸ਼ੀਆਂ ਕਿਉਂ ਕਮਜ਼ੋਰ ਹੁੰਦੀਆਂ ਹਨ?

ਲਗਭਗ 30 ਸਾਲ ਦੀ ਉਮਰ ਤੋਂ ਬਾਅਦ ਸਰੀਰ ਵਿੱਚ ਮਾਸਪੇਸ਼ੀਆਂ ਦੀ ਮਾਤਰਾ ਅਤੇ ਤਾਕਤ ਹੌਲੀ-ਹੌਲੀ ਘਟਣੀ ਸ਼ੁਰੂ ਹੋ ਜਾਂਦੀ ਹੈ। 60 ਸਾਲ ਤੋਂ ਬਾਅਦ ਇਹ ਪ੍ਰਕਿਰਿਆ ਹੋਰ ਤੇਜ਼ ਹੋ ਜਾਂਦੀ ਹੈ। ਇਸ ਸਥਿਤੀ ਨੂੰ ਵਿਗਿਆਨਕ ਭਾਸ਼ਾ ਵਿੱਚ ਸਾਰਕੋਪੀਨੀਆ ਕਿਹਾ ਜਾਂਦਾ ਹੈ।

ਇਸ ਦੇ ਕਈ ਕਾਰਨ ਹਨ—ਸਰੀਰਕ ਗਤੀਵਿਧੀਆਂ ਵਿੱਚ ਕਮੀ, ਹਾਰਮੋਨਾਂ ਵਿੱਚ ਬਦਲਾਅ, ਲੰਬੇ ਸਮੇਂ ਦੀ ਸੋਜ, ਪੋਸ਼ਣ ਦੀ ਘਾਟ ਅਤੇ ਮਾਸਪੇਸ਼ੀਆਂ ਦੀ ਮੁਰੰਮਤ ਕਰਨ ਵਾਲੀਆਂ ਸਟੈਮ ਸੈੱਲਾਂ ਦੀ ਘੱਟ ਸਰਗਰਮੀ।

ਜਵਾਨੀ ਵਿੱਚ ਇਹ ਸਟੈਮ ਸੈੱਲ ਸੱਟ ਲੱਗਣ 'ਤੇ ਤੁਰੰਤ ਸਰਗਰਮ ਹੋ ਕੇ ਮਾਸਪੇਸ਼ੀਆਂ ਦੀ ਮੁਰੰਮਤ ਕਰ ਦਿੰਦੀਆਂ ਹਨ, ਪਰ ਉਮਰ ਵਧਣ ਨਾਲ ਇਹ ਸਮਰੱਥਾ ਘਟਦੀ ਜਾਂਦੀ ਹੈ।

ਨਵੀਂ ਖੋਜ ਕੀ ਕਹਿੰਦੀ ਹੈ?

ਤਾਜ਼ਾ ਅਧਿਐਨਾਂ ਵਿੱਚ ਵਿਗਿਆਨੀਆਂ ਨੇ ਇੱਕ ਅਜਿਹਾ ਯੌਗਿਕ ਲੱਭਿਆ ਹੈ ਜੋ ਬੁੱਢੀਆਂ ਮਾਸਪੇਸ਼ੀਆਂ ਦੀਆਂ ਸਟੈਮ ਸੈੱਲਾਂ ਨੂੰ ਦੁਬਾਰਾ ਸਰਗਰਮ ਕਰਨ ਵਿੱਚ ਮਦਦ ਕਰ ਸਕਦਾ ਹੈ। ਪ੍ਰਯੋਗਸ਼ਾਲਾ ਅਤੇ ਜਾਨਵਰਾਂ 'ਤੇ ਕੀਤੇ ਗਏ ਅਧਿਐਨਾਂ ਵਿੱਚ ਇਹ ਦੇਖਿਆ ਗਿਆ ਕਿ ਇਸ ਯੌਗਿਕ ਨਾਲ ਮਾਸਪੇਸ਼ੀਆਂ ਦੀ ਮੁਰੰਮਤ ਤੇਜ਼ੀ ਨਾਲ ਹੋਈ ਅਤੇ ਨਵੀਆਂ ਮਾਸਪੇਸ਼ੀ ਕੋਸ਼ਿਕਾਵਾਂ ਬਣਨ ਦੀ ਪ੍ਰਕਿਰਿਆ ਵਿੱਚ ਸੁਧਾਰ ਆਇਆ।

ਹਾਲਾਂਕਿ ਇਹ ਨਤੀਜੇ ਉਤਸ਼ਾਹਜਨਕ ਹਨ, ਪਰ ਮਨੁੱਖਾਂ ਵਿੱਚ ਇਸ ਦੀ ਸੁਰੱਖਿਆ ਅਤੇ ਪ੍ਰਭਾਵਸ਼ੀਲਤਾ ਸਾਬਤ ਕਰਨ ਲਈ ਹੋਰ ਕਲੀਨਿਕਲ ਟਰਾਇਲਾਂ ਦੀ ਲੋੜ ਹੈ।

ਇਸ ਖੋਜ ਨਾਲ ਕੀ ਲਾਭ ਹੋ ਸਕਦੇ ਹਨ?

ਜੇਕਰ ਭਵਿੱਖ ਵਿੱਚ ਇਹ ਯੌਗਿਕ ਸਫ਼ਲ ਇਲਾਜ ਵਜੋਂ ਵਿਕਸਤ ਹੋ ਜਾਂਦਾ ਹੈ, ਤਾਂ ਇਸ ਦੇ ਕਈ ਮਹੱਤਵਪੂਰਨ ਫਾਇਦੇ ਹੋ ਸਕਦੇ ਹਨ।

- ਬਜ਼ੁਰਗਾਂ ਵਿੱਚ ਸੱਟਾਂ ਤੋਂ ਬਾਅਦ ਜਲਦੀ ਸਿਹਤਯਾਬੀ।
- ਮਾਸਪੇਸ਼ੀਆਂ ਦੀ ਤਾਕਤ ਅਤੇ ਲਚਕ ਵਿੱਚ ਵਾਧਾ।
- ਹੱਡੀ ਟੁੱਟਣ ਜਾਂ ਆਪਰੇਸ਼ਨ ਤੋਂ ਬਾਅਦ ਬਿਹਤਰ ਪੁਨਰਵਾਸ।
- ਡਿੱਗਣ ਅਤੇ ਗੰਭੀਰ ਸੱਟਾਂ ਦਾ ਘੱਟ ਖ਼ਤਰਾ।
- ਵੱਧ ਉਮਰ ਵਿੱਚ ਵੀ ਖ਼ੁਦਮੁਖ਼ਤਿਆਰ ਜੀਵਨ ਜੀਣ ਦੀ ਸਮਰੱਥਾ।
- ਸਿਹਤ ਸੰਭਾਲ 'ਤੇ ਆਰਥਿਕ ਬੋਝ ਵਿੱਚ ਕਮੀ।

ਪੈ.ਗਾਮ-ਏ-ਜਗਤ



ਡਾ. ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ, ਮਲੋਟ, ਪੰਜਾਬ

ਲੰਮੀ ਉਮਰ ਨਹੀਂ, ਸਿਹਤਮੰਦ ਉਮਰ ਵੀ ਜ਼ਰੂਰੀ

ਅੱਜ ਦੇ ਸਮੇਂ ਵਿੱਚ ਮਨੁੱਖ ਦੀ ਔਸਤ ਉਮਰ ਪਹਿਲਾਂ ਨਾਲੋਂ ਕਾਫ਼ੀ ਵੱਧ ਗਈ ਹੈ। ਪਰ ਕੇਵਲ ਲੰਮੀ ਉਮਰ ਹੀ ਕਾਫ਼ੀ ਨਹੀਂ, ਸਗੋਂ ਇਹ ਵੀ ਜ਼ਰੂਰੀ ਹੈ ਕਿ ਵਿਅਕਤੀ ਬੁੱਢਾਪੇ ਵਿੱਚ ਵੀ ਸਰਗਰਮ, ਤੰਦਰੁਸਤ ਅਤੇ ਸੁਤੰਤਰ ਰਹੇ।

ਇਸੇ ਲਈ ਵਿਗਿਆਨੀ ਹੁਣ ਹੈਲਥਸਪੈਨ ਵਧਾਉਣ 'ਤੇ ਧਿਆਨ ਦੇ ਰਹੇ ਹਨ, ਭਾਵ ਉਹ ਸਮਾਂ ਜਿਸ ਦੌਰਾਨ ਮਨੁੱਖ ਬਿਨਾਂ ਵੱਡੀ ਅਪੰਗਤਾ ਜਾਂ ਗੰਭੀਰ ਬਿਮਾਰੀ ਦੇ ਸਿਹਤਮੰਦ ਜੀਵਨ ਬਤੀਤ ਕਰ ਸਕੇ।

ਅਜੇ ਵੀ ਕਈ ਚੁਣੌਤੀਆਂ ਬਾਕੀ ਹਨ

ਵਿਗਿਆਨੀਆਂ ਦਾ ਕਹਿਣਾ ਹੈ ਕਿ ਲੈਬੋਰਟਰੀ ਵਿੱਚ ਮਿਲੇ ਸਫ਼ਲ ਨਤੀਜੇ ਹਰ ਵਾਰ ਮਨੁੱਖਾਂ ਵਿੱਚ ਵੀ ਇੱਕੋ ਜਿਹੇ ਨਹੀਂ ਹੁੰਦੇ। ਇਸ ਲਈ ਅਗਲੇ ਪੜਾਅ ਵਿੱਚ ਇਹ ਜਾਂਚਣਾ ਜ਼ਰੂਰੀ ਹੋਵੇਗਾ ਕਿ—

- ਕੀ ਇਹ ਯੌਗਿਕ ਲੰਬੇ ਸਮੇਂ ਲਈ ਸੁਰੱਖਿਅਤ ਹੈ?
- ਇਸ ਦੀ ਸਹੀ ਖੁਰਾਕ ਕੀ ਹੋਵੇਗੀ?
- ਇਸ ਦੇ ਕੋਈ ਨੁਕਸਾਨਦੇਹ ਪ੍ਰਭਾਵ ਤਾਂ ਨਹੀਂ?
- ਕਿਹੜੇ ਉਮਰ ਵਰਗ ਨੂੰ ਇਸ ਦਾ ਸਭ ਤੋਂ ਵੱਧ ਲਾਭ ਹੋਵੇਗਾ?
- ਕੀ ਇਸ ਦੇ ਪ੍ਰਭਾਵ ਲੰਬੇ ਸਮੇਂ ਤੱਕ ਕਾਇਮ ਰਹਿਣਗੇ?

ਇਨ੍ਹਾਂ ਸਵਾਲਾਂ ਦੇ ਜਵਾਬ ਮਿਲਣ ਤੋਂ ਬਾਅਦ ਹੀ ਇਸ ਨੂੰ ਆਮ ਇਲਾਜ ਵਜੋਂ ਅਪਣਾਇਆ ਜਾ ਸਕੇਗਾ।

ਸਿਹਤਮੰਦ ਜੀਵਨਸ਼ੈਲੀ ਅਜੇ ਵੀ ਸਭ ਤੋਂ ਪ੍ਰਭਾਵਸ਼ਾਲੀ ਦਵਾਈ

ਭਾਵੇਂ ਭਵਿੱਖ ਵਿੱਚ ਨਵੇਂ ਇਲਾਜ ਉਪਲਬਧ ਹੋ ਜਾਣ, ਪਰ ਸਿਹਤਮੰਦ ਜੀਵਨਸ਼ੈਲੀ ਦੀ ਮਹੱਤਤਾ ਕਦੇ ਘੱਟ ਨਹੀਂ ਹੋਵੇਗੀ। ਮਾਸਪੇਸ਼ੀਆਂ ਨੂੰ ਮਜ਼ਬੂਤ ਰੱਖਣ ਲਈ ਅੱਜ ਵੀ ਇਹ ਆਦਤਾਂ ਬਹੁਤ ਲਾਭਦਾਇਕ ਹਨ—

- ਨਿਯਮਿਤ ਕਸਰਤ ਅਤੇ ਤਾਕਤ ਵਧਾਉਣ ਵਾਲੀਆਂ ਐਕਸਰਸਾਈਜ਼ਾਂ।
- ਰੋਜ਼ਾਨਾ ਸੈਰ, ਸਾਈਕਲਿੰਗ ਜਾਂ ਤੈਰਾਕੀ।
- ਪ੍ਰੋਟੀਨ ਨਾਲ ਭਰਪੂਰ ਸੰਤੁਲਿਤ ਖੁਰਾਕ।
- ਵਿਟਾਮਿਨ ਡੀ ਅਤੇ ਕੈਲਸ਼ੀਅਮ ਦੀ ਯੋਗ ਮਾਤਰਾ।
- ਪੂਰੀ ਨੀਂਦ ਅਤੇ ਤਣਾਅ ਦਾ ਪ੍ਰਬੰਧਨ।
- ਧੂਮਰਪਾਨ ਅਤੇ ਸ਼ਰਾਬ ਤੋਂ ਪਰਹੇਜ਼।
- ਲੰਬੇ ਸਮੇਂ ਦੀਆਂ ਬਿਮਾਰੀਆਂ ਦਾ ਸਮੇਂ ਸਿਰ ਇਲਾਜ।

ਪੁਨਰਜਨਨ ਚਿਕਿਤਸਾ ਦਾ ਭਵਿੱਖ

ਇਹ ਖੋਜ ਰੀਜਨਰੇਟਿਵ ਮੈਡੀਸਨ ਦੇ ਖੇਤਰ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਇਸ ਖੇਤਰ ਦਾ ਉਦੇਸ਼ ਕੇਵਲ ਬਿਮਾਰੀ ਦਾ ਇਲਾਜ ਕਰਨਾ ਨਹੀਂ, ਸਗੋਂ ਸਰੀਰ ਦੀ ਕੁਦਰਤੀ ਮੁਰੰਮਤ ਸਮਰੱਥਾ ਨੂੰ ਦੁਬਾਰਾ ਸਰਗਰਮ ਕਰਨਾ ਹੈ। ਭਵਿੱਖ ਵਿੱਚ ਸਟੈਮ ਸੈੱਲ ਥੈਰੇਪੀ, ਜੀਨ ਸੰਪਾਦਨ ਅਤੇ ਨਵੇਂ ਜੈਵਿਕ ਯੌਗਿਕਾਂ ਰਾਹੀਂ ਕਈ ਉਮਰ-ਸਬੰਧੀ ਬਿਮਾਰੀਆਂ ਦਾ ਬਿਹਤਰ ਇਲਾਜ ਸੰਭਵ ਹੋ ਸਕਦਾ ਹੈ।

ਸਿੱਟਾ

ਉਮਰ ਦੇ ਨਾਲ ਮਾਸਪੇਸ਼ੀਆਂ ਦੀ ਕਮਜ਼ੋਰੀ ਨੂੰ ਹੁਣ ਲਾਜ਼ਮੀ ਕਿਸਮਤ ਨਹੀਂ ਮੰਨਿਆ ਜਾ ਰਿਹਾ। ਵਿਗਿਆਨੀਆਂ ਵੱਲੋਂ ਕੀਤੀ ਗਈ ਇਹ ਨਵੀਂ ਖੋਜ ਇਸ ਗੱਲ ਦਾ ਸੰਕੇਤ ਦਿੰਦੀ ਹੈ ਕਿ ਭਵਿੱਖ ਵਿੱਚ ਅਜਿਹੇ ਇਲਾਜ ਵਿਕਸਤ ਹੋ ਸਕਦੇ ਹਨ ਜੋ ਬਜ਼ੁਰਗਾਂ ਦੀਆਂ ਮਾਸਪੇਸ਼ੀਆਂ ਨੂੰ ਮੁੜ ਤਾਕਤਵਰ ਬਣਾਉਣ ਅਤੇ ਉਨ੍ਹਾਂ ਦੀ ਸਰੀਰਕ ਸਮਰੱਥਾ ਨੂੰ ਬਿਹਤਰ ਕਰਨ ਵਿੱਚ ਮਦਦ ਕਰਨ।

ਹਾਲਾਂਕਿ ਇਹ ਖੋਜ ਅਜੇ ਸ਼ੁਰੂਆਤੀ ਪੜਾਅ ਵਿੱਚ ਹੈ, ਪਰ ਇਹ ਸਾਨੂੰ ਆਸ ਦਿੰਦੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਬੁੱਢਾਪਾ ਕਮਜ਼ੋਰੀ ਦਾ ਨਹੀਂ, ਸਗੋਂ ਸਿਹਤਮੰਦ, ਸਰਗਰਮ ਅਤੇ ਸਨਮਾਨਪੂਰਣ ਜੀਵਨ ਦਾ ਦੌਰ ਵੀ ਹੋ ਸਕਦਾ ਹੈ। ਵਿਗਿਆਨ ਦੀਆਂ ਇਹ ਤਰੱਕੀਆਂ ਅਤੇ ਸਿਹਤਮੰਦ ਜੀਵਨਸ਼ੈਲੀ ਮਿਲ ਕੇ ਮਨੁੱਖਤਾ ਨੂੰ ਇੱਕ ਹੋਰ ਮਜ਼ਬੂਤ ਅਤੇ ਸੁਖਦ ਭਵਿੱਖ ਵੱਲ ਲੈ ਜਾ ਸਕਦੀਆਂ ਹਨ।

ਪੀ.ਐਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤ੍ਰਿਪੜੀ ਵਿਖੇ ਫਸਟ ਏਡ, ਸੀ.ਪੀ.ਆਰ., ਫਾਇਰ ਸੇਫਟੀ ਦੀ ਟ੍ਰੇਨਿੰਗਾਂ ਕਰਵਾਈਆਂ

ਪਟਿਆਲਾ, 18 ਨਵੰਬਰ
(ਪੈ.ਗਾਮ-ਏ-ਜਗਤ/ਪਰਮਜੀਤ ਸਿੰਘ ਪਰਵਾਨਾ)

ਪੀ.ਐਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤ੍ਰਿਪੜੀ ਪਟਿਆਲਾ ਦੇ ਪ੍ਰਿੰਸੀਪਲ ਸ਼੍ਰੀ ਬਿਕਰਮਜੀਤ ਦੀ ਅਗਵਾਈ ਹੇਠ ਸਕੂਲ ਵਿਖੇ ਚਲ ਰਹੇ ਵਿਸ਼ੇਸ਼ ਪ੍ਰੋਜੈਕਟ ਤਹਿਤ ਵਿਦਿਆਰਥੀਆਂ ਨੂੰ ਸ਼੍ਰੀ ਕਾਕਾ ਰਾਮ ਵਰਮਾ, ਆਫ਼ਤ ਪ੍ਰਬੰਧਨ, ਸਿਵਲ ਡਿਫੈਂਸ, ਫਸਟ ਏਡ, ਫਾਇਰ ਸੇਫਟੀ ਟ੍ਰੇਨਰ ਵਲੋਂ ਐਮਰਜੈਂਸੀ ਦੌਰਾਨ ਆਪਣੇ ਬਚਾਉ ਅਤੇ ਪੀੜਤਾਂ ਨੂੰ ਫਸਟ ਏਡ, ਸੀ ਪੀ ਆਰ, ਦਿਲ ਦੇ ਦੌਰੇ, ਕਾਰਡੀਅਕ ਅਰੈਸਟ, ਬੇਹੋਸ਼ੀ, ਬਿਜਲੀ ਸ਼ਾਟ ਸਰਕਟ, ਕਰੰਟ ਲੱਗਣ, ਗੈਸਾਂ ਲੀਕ ਹੋਣ, ਅੱਗਾਂ ਲਗਣ ਸਮੇਂ ਪੀੜਤਾਂ ਅਤੇ ਪ੍ਰਾਪਰਟੀਆਂ ਨੂੰ ਬਚਾਉਣ ਦੀ ਟ੍ਰੇਨਿੰਗ ਦਿੱਤੀ। ਉਨ੍ਹਾਂ ਨੇ ਘਰੇਲੂ ਘਟਨਾਵਾਂ ਦੇ ਕਾਰਨਾਂ ਅਤੇ ਰੋਕਥਾਮ ਬਾਰੇ ਦੱਸਿਆ। ਸਕੂਲ ਵਿਖੇ ਲੱਗੇ ਅੱਗ ਬੁਝਾਉਣ ਵਾਲੇ ਸਿਲੰਡਰਾਂ ਤੋਂ ਇਲਾਵਾ ਪਾਣੀ, ਮਿੱਟੀ ਅੱਗ ਨੂੰ ਭੁੱਖਾ ਮਾਰਨ ਦੇ ਢੰਗ



ਤਰੀਕੇ ਸਿਖਾਏ। ਦਿਲ ਦੇ ਦੌਰੇ ਦੌਰਾਨ ਵਿਸ਼ੇਸ ਫਸਟ ਏਡ ਅਤੇ ਏ ਬੀ ਸੀ ਡੀ, ਸੀ ਪੀ ਆਰ ਦੀ ਜਾਣਕਾਰੀ ਦਿੱਤੀ। ਪ੍ਰੋਜੈਕਟ ਇੰਚਾਰਜ ਸ੍ਰੀਮਤੀ ਵਰਿੰਦਰ ਕੌਰ ਅਤੇ ਹਰਜੀਤ ਕੌਰ ਨੇ ਵੱਡਮੁੱਲਾ ਸਹਿਯੋਗ ਦਿੱਤਾ। ਵਿਦਿਆਰਥੀਆਂ ਨੇ ਪ੍ਰਿੰਸੀਪਲ, ਅਧਿਆਪਕਾਂ ਅਤੇ ਸ਼੍ਰੀ ਕਾਕਾ ਰਾਮ ਵਰਮਾ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਹਰਰੋਜ ਹਜ਼ਾਰਾਂ ਲੋਕ ਦੁਰਘਟਨਾਵਾਂ ਕਾਰਨ ਜ਼ਖਮੀ, ਬੇਹੋਸ਼, ਦੌਰਿਆਂ ਕਾਰਨ ਤੜਫਦੇ ਕੁਰਲਾਉਂਦੇ ਰਹਿੰਦੇ ਪਰ ਲੋਕਾਂ ਨੂੰ ਫਸਟ ਏਡ, ਸੀ ਪੀ ਆਰ, ਫਾਇਰ ਸੇਫਟੀ ਸਿਲੰਡਰਾਂ ਦੀ ਵਰਤੋਂ ਬਾਰੇ ਟ੍ਰੇਨਿੰਗਾਂ, ਅਭਿਆਸ ਨਾ ਹੋਣ ਕਾਰਨ ਕੀਮਤੀ ਜਾਨਾਂ ਅਤੇ ਪ੍ਰਾਪਰਟੀਆਂ ਬਰਬਾਦ ਹੋ ਜਾਂਦੀਆਂ ਹਨ ਇਸ ਲਈ ਇਹ ਟ੍ਰੇਨਿੰਗਾਂ ਵਿਦਿਆਰਥੀਆਂ, ਅਧਿਆਪਕ ਅਤੇ ਨਾਗਰਿਕ ਨੂੰ ਨਿਰੰਤਰ ਹੋਣੀਆਂ ਚਾਹੀਦੀਆਂ ਹਨ।

ਗੈਰ ਸਮਾਜੀ ਗਤੀਵਿਧੀਆਂ ਨੂੰ ਰੋਕਣ ਲਈ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਪਟਿਆਲਾ ਜੋਨ ਨੇ ਪ੍ਰਸ਼ਾਸਨ ਨੂੰ ਦਿੱਤਾ ਮੰਗ ਪਤੱਰ

ਪਟਿਆਲਾ 17 ਨਵੰਬਰ
(ਪੈ.ਗਾਮ-ਏ-ਜਗਤ)

ਪਾਖੰਡੀ ਬਾਬਿਆਂ, ਤਾਂਤਰਿਕਾਂ, ਜੋਤਿਸ਼ੀਆਂ ਅਤੇ ਪੁੱਛਾਂ ਦੇਣ ਵਾਲਿਆਂ ਦੀਆਂ ਵਧ ਰਹੀਆਂ ਗੈਰ-ਕਾਨੂੰਨੀ ਅਤੇ ਗੈਰ ਸਮਾਜੀ ਗਤੀਵਿਧੀਆਂ ਨੂੰ ਨੱਥ ਪਾਉਣ ਲਈ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜੋਨ ਪਟਿਆਲਾ ਦੇ ਇੱਕ ਵਫਦ ਨੇ ਅੱਜ ਇਕ ਮੰਗ ਪੱਤਰ ਜ਼ਿਲੇ ਦੀ ਐਡੀਸ਼ਨਲ ਡਿਪਟੀ ਕਮਿਸ਼ਨਰ ਮੈਡਮ ਅਨੁਪਰਿਤਾ ਜੌਹਲ ਨੂੰ ਸੌਂਪਿਆ। ਇਸ ਵਫਦ ਵਿੱਚ ਸ਼ਤੀਸ਼ ਕੁਮਾਰ ਆਲੋਵਾਲ, ਰਾਮ ਕੁਮਾਰ ਢੱਕੜਬਾ, ਰਾਮ ਸਿੰਘ ਬੰਗ, ਥਾਨ ਸਿੰਘ, ਜਾਗਨ ਸਿੰਘ ਅਤੇ ਗੁਰਬਚਨ ਸਿੰਘ ਸ਼ਾਮਲ ਸਨ। ਇਸ ਮੰਗ ਪਤੱਰ



ਬਾਰੇ ਹੋਰ ਜਾਣਕਾਰੀ ਦਿੰਦਿਆਂ ਜੋਨ ਦੇ ਮੀਡੀਆ ਮੁਖੀ ਰਾਮ ਸਿੰਘ ਬੰਗ ਨੇ ਦੱਸਿਆ ਕਿ ਤਰਕਸ਼ੀਲ ਸੁਸਾਇਟੀ ਪੰਜਾਬ ਪਿਛਲੇ 42 ਸਾਲਾਂ ਤੋਂ ਸਮਾਜ ਵਿਚ ਅੰਧਵਿਸ਼ਵਾਸਾਂ ਨੂੰ ਖਤਮ ਕਰਕੇ ਵਿਗਿਆਨਕ ਸੋਚ ਵਿਕਸਤ ਕਰਨ ਹਿੱਤ ਸੰਵੀਧਾਨ ਦੀ ਧਾਰਾ 51ਏ (ਐਚ) ਤਹਿਤ ਕੋਸ਼ਿਸ਼ਾਂ ਕਰ ਰਹੀ ਹੈ ਪਰੰਤੂ ਬਹੁਤ ਸਾਰੇ ਅਖੋਤੀ ਬਾਬਿਆਂ, ਸਾਧਾਂ, ਤਾਂਤਰਿਕਾਂ ਅਤੇ ਜੋਤਿਸ਼ੀਆਂ ਨੇ ਕਿਸੇ ਸਮੱਸਿਆ ਨਾਲ ਜੂਝ ਰਹੇ ਲੋਕਾਂ ਨੂੰ ਪੂਜਾ ਪਾਠ ਦੀ ਆੜ ਹੇਠ ਮਾਨਸਿਕ, ਆਰਥਿਕ ਅਤੇ ਸਰੀਰਕ ਤੌਰ ਤੇ ਸ਼ਰੇਆਮ ਲੁੱਟਿਆ ਹੈ। ਇਸ ਮੰਗ ਪਤੱਰ ਰਾਹੀਂ ਤਰਕਸ਼ੀਲ ਸੁਸਾਇਟੀ ਪੰਜਾਬ ਜੋਨ ਪਟਿਆਲਾ , ਪ੍ਰਸ਼ਾਸਨ ਤੋਂ ਇਨ੍ਹਾਂ ਦੁਖਦਾਈ ਘਟਨਾਵਾਂ ਨੂੰ ਰੋਕਣ ਲਈ ਸਖ਼ਤ ਕਾਰਵਾਈ ਕਰਨ ਲਈ ਅਪੀਲ ਕਰਦਾ ਹੈ ਅਤੇ ਇਹ ਵੀ ਆਸ ਕਰਦਾ ਹੈ ਕਿ ਅਗਾਮੀ ਸਮੇਂ ਵਿੱਚ ਹੋਰ ਸੂਬਿਆਂ ਮਹਾਰਾਸ਼ਟਰਾ, ਕਰਨਾਟਕਾ, ਛੱਤੀਸਗੜ੍ਹ ਅਤੇ ਗੁਜਰਾਤ ਦੀ ਤਰਜ਼ ਤੇ ਪੰਜਾਬ ਵਿੱਚ ਵੀ ਇੱਕ ਅੰਧਵਿਸ਼ਵਾਸ ਰੋਕੂ ਕਾਨੂੰਨ ਬਣਾ ਕੇ ਲਾਗੂ ਕੀਤਾ ਜਾਵੇ ਅਤੇ ਪ੍ਰਿੰਟ ਮੀਡੀਆ ਅਤੇ ਟੀ ਵੀ ਚੈਨਲਾਂ ਤੇ ਪ੍ਰਸਾਰਤ ਕੀਤੀ ਜਾ ਰਹੀ ਗੈਰ ਕਾਨੂੰਨੀ ਅਤੇ ਗੈਰ ਵਿਗਿਆਨਕ ਇਸ਼ਤਿਹਾਰਬਾਜੀ ਤੁਰੰਤ ਬੰਦ ਕਰਵਾਈ ਜਾਵੇ।

ਦੋ ਰੋਜ਼ਾ ਸਮਾਜਿਕ ਪਰਿਵਰਤਨ ਸਾਇਕਲ ਯਾਤਰਾ ਸ੍ਰੀ ਗੁਰੂ ਰਵੀਦਾਸ ਬੇਗਮਪੁਰਾ ਧਾਮ ਵਿਖੇ ਸਮਾਪਤ

ਪਟਿਆਲਾ (ਪੈ.ਗਾਮ-ਏ-ਜਗਤ)

ਪੰਜਾਬ ਸਰਕਾਰ ਦੀਆਂ ਲੋਕ-ਮਾਰੂ ਨੀਤੀਆਂ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨ ਸਬੰਧੀ ਅਤੇ ਸੰਵਿਧਾਨ ਦਿਵਸ, ਸਾਹਿਬ ਕਾਂਸੀ ਰਾਮ ਜੀ ਦੇ ਜੀਵਨ ਸੰਘਰਸ਼ਾਂ ਪ੍ਰਤੀ ਲੋਕਾਂ ਜਾਗਰੂਕਤਾ ਸਬੰਧੀ ਡਾ. ਅੰਬੇਡਕਰ ਸਟੂਡੈਂਟ ਫਰੰਟ ਆਫ ਇੰਡੀਡਾ (ਡਾਸਫੀ) ਵੱਲੋਂ ਪ੍ਰਧਾਨ ਪ੍ਰੀਤ ਕਾਂਸ਼ੀ ਦੀ ਅਗਵਾਹੀ ਵਿਚ ਫੈਕਟਰੀ ਏਰੀਆ ਵਿਖੇ ਸਥਿਤ ਸ੍ਰੀ ਗੁਰੂ ਰਵੀਦਾਸ ਬੇਗਮਪੁਰਾ ਧਾਮ ਤੋਂ ਬੀਤੇ ਦਿਨੀ ਦੋ ਰੋਜਾਂ ਸਮਾਜਿਕ ਪਰਿਵਰਤਨ ਯਾਤਰਾ ਕੱਢੀ ਗਈ ਸੀ ਜਿਸ ਨੂੰ ਕਿ ਸ਼ਹਿਰ ਦੇ ਵੱਖ ਵੱਖ ਇਲਾਕਿਆਂ ਅਤੇ ਪਿੰਡਾਂ ਦੇ ਲੋਕਾਂ ਵੱਲੋਂ ਭਰਪੂਰ ਸਮਰਥਨ ਅਤੇ ਸੰਨਮਾਨ ਦਿੱਤਾ ਗਿਆ ਹੈ । ਉਕਤ ਸਾਇਕਲ ਯਾਤਰਾ ਦੀ ਮੁੜ ਸ੍ਰੀ ਗੁਰੂ ਰਵੀਦਾਸ ਬੇਗਮਪੁਰਾ ਧਾਮ, ਫੈਕਟਰੀ ਏਰੀਆ ਵਿਖੇ ਹੀ ਆ ਕੇ ਸਮਾਪਤੀ ਕੀਤੀ ਗਈ।

ਇਸ ਯਾਤਰਾ ਦੇ ਅਮਨ ਸ਼ਾਂਤੀ ਨਾਲ



ਕਾਮਯਾਬ ਹੋਣ ਤੇ ਡਾਸਫੀ ਪ੍ਰਧਾਨ ਪ੍ਰੀਤ ਕਾਂਸ਼ੀ, ਸ੍ਰੀ ਗੁਰੂ ਰਵੀਦਾਸ ਟਾਈਗਰ

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਵੱਲੋਂ 19 ਨਵੰਬਰ ਨੂੰ ਲਗਾਇਆ ਜਾਵੇਗਾ ਪਲੇਸਮੈਂਟ ਕੈਂਪ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, 18 ਨਵੰਬਰ (ਪੈ.ਗਾਮ-ਏ-ਜਗਤ)

ਮਾਡਲ ਕਰੀਅਰ ਸੈਂਟਰ, ਐਸ.ਏ.ਐਸ. ਨਗਰ ਵੱਲੋਂ 19 ਨਵੰਬਰ 2026 ਦਿਨ ਵੀਰਵਾਰ ਪਲੇਸਮੈਂਟ ਕੈਂਪ ਦਾ ਆਯੋਜਨ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਕਮਰਾ ਨੰ.461, ਤੀਜੀ ਮੰਜਿਲ, ਸੈਕਟਰ-76 ਐਸ.ਏ.ਐਸ. ਨਗਰ ਵਿਖੇ ਸਵੇਰੇ 10 ਵਜੇ ਤੋਂ ਲੈ ਕੇ ਦੁਪਹਿਰ 1 ਵਜੇ ਤੱਕ ਕੀਤਾ ਜਾ ਰਿਹਾ ਹੈ।

ਮਾਡਲ ਕਰੀਅਰ ਸੈਂਟਰ ਦੇ ਡਿਪਟੀ ਡਾਇਰੈਕਟਰ, ਸ੍ਰੀਮਤੀ ਮੀਨਾਕਸ਼ੀ ਅਰੋੜਾ ਵੱਲੋਂ ਵਧੇਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ, ਜਿਸ ਤਹਿਤ ਉਕਤ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾਣਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਅਡੀਕੋ ਇੰਡੀਆਂ, ਏਅਰਟੈਲ, ਏ.ਟੀ.ਐਸ., ਨਾਹਰ ਸਪੀਨਿੰਗ ਮਿਲਜ਼ ਲਿਮ: ਦੀਆਂ ਵੱਖ ਵੱਖ ਅਸਾਮੀਆਂ ਪੀਕਰ, ਪੈਕਰ, ਕੈਸ਼ੀਅਰ, ਸੇਲਜ਼ ਪਰਮੋਟਰ/ਸਟੋਰ ਜੋਬ, ਡੀ.ਈ.ਓ/ਬੀ.ਪੀ.ਓ ਅਤੇ ਹੈਲਪਰ ਆਦਿ ਲਈ 8ਵੀਂ, 10ਵੀਂ,12ਵੀਂ, ਅਤੇ ਗਰੈਜੂਏਟ ਪਾਸ ਪ੍ਰਾਰਥੀਆਂ ਦੀ ਚੋਣ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਚੁਣੇ ਗਏ ਪ੍ਰਾਰਥੀਆਂ ਦੀ ਤਨਖਾਹ ਕੰਪਨੀ ਨੋਰਮਜ਼ ਅਨੁਸਾਰ ਹੋਵੇਗੀ ਅਤੇ ਕੰਮ ਕਰਨ ਦਾ ਸਥਾਨ ਮੋਹਾਲੀ ਹੋਵੇਗਾ।

ਉਨ੍ਹਾਂ ਨੇ ਉਮੀਦਵਾਰਾਂ ਨੂੰ ਅਪੀਲ ਕਰਦਿਆ ਕਿਹਾ ਕਿ ਇਸ ਮੌਕੇ ਦਾ ਵੱਧ ਤੋਂ ਵੱਧ ਲਾਹਾ ਲਿਆ ਜਾਵੇ। ਨੌਕਰੀ ਦੇ ਚਾਹਵਾਨ ਉਮੀਦਵਾਰ ਇਸ ਪਲੇਸਮੈਂਟ ਕੈਂਪ ਵਿਚ ਭਾਗ ਲੈਣ ਲਈ ਆਪਦੀ ਯੋਗਤਾ ਦੇ ਸਾਰੇ ਅਸਲ ਸਰਟੀਫਿਕੇਟ, ਉਨ੍ਹਾਂ ਦੀਆ ਫੋਟੋ ਕਾਪੀਆਂ ਅਤੇ ਰੀਜ਼ਿਊਮ ਸਮੇਤ ਫਾਰਮਲ ਡਰੈੱਸ ਵਿੱਚ ਸਮੇਂ ਸਿਰ ਆਉਣ ਦੀ ਖੇਚਲ ਕਰਨ।

ਇਸ ਪਲੇਸਮੈਂਟ ਕੈਂਪ ਲਈ ਕੋਈ ਟੀ.ਏ./ਡੀ.ਏ. ਮਿਲਣਯੋਗ ਨਹੀਂ ਹੋਵੇਗਾ।

ਗੋਲਡੀ ਵੱਲੋਂ ਮੁੱਲਾਂਪੁਰ ਗਰੀਬਦਾਸ ਤੋਂ ਖਰੜ ਲਈ ਬੱਸ ਸੇਵਾ ਸ਼ੁਰੂ, ਮੁੱਖ ਮੰਤਰੀ ਮਾਨ ਦਾ ਕੀਤਾ ਧੰਨਵਾਦ

ਮੁੱਲਾਂਪੁਰ, 18 ਨਵੰਬਰ (ਪੈ.ਗਾਮ-ਏ-ਜਗਤ)



ਇਲਾਕੇ ਦੇ ਪਿੰਡਾਂ ਦੇ ਲੋਕਾਂ ਨੂੰ ਆਵਾਜਾਈ ਦੀ ਸਹੂਲਤ ਪ੍ਰਦਾਨ ਕਰਨ ਦੇ ਉਦੇਸ਼ ਨਾਲ ਪੰਜਾਬ ਯੂਥ ਵਿਕਾਸ ਬੋਰਡ ਦੇ ਚੇਅਰਮੈਨ ਸ. ਪਰਮਿੰਦਰ ਸਿੰਘ ਗੋਲਡੀ ਵੱਲੋਂ ਮੁੱਲਾਂਪੁਰ ਗਰੀਬਦਾਸ ਤੋਂ ਖਰੜ ਅਤੇ ਆਸ-ਪਾਸ ਦੇ ਪਿੰਡਾਂ ਨੂੰ ਜੋੜਨ ਵਾਲੀ ਨਵੀਂ ਪੀ ਆਰ ਟੀ ਸੀ ਮਿੰਨੀ ਬੱਸ ਸੇਵਾ ਦੀ ਸ਼ੁਰੂਆਤ ਕੀਤੀ ਗਈ। ਇਸ ਬੱਸ ਸੇਵਾ ਨਾਲ ਕਈ ਪਿੰਡਾਂ ਦੇ ਵਸਨੀਕਾਂ, ਵਿਦਿਆਰਥੀਆਂ ਅਤੇ ਰੋਜ਼ਾਨਾ ਕੰਮਕਾਜ ਲਈ ਆਉਣ-ਜਾਣ ਵਾਲੇ ਲੋਕਾਂ ਨੂੰ ਵੱਡੀ ਸਹੂਲਤ ਮਿਲੇਗੀ। ਬੱਸ ਸੇਵਾ ਦੀ ਸ਼ੁਰੂਆਤ ਮੌਕੇ ਸ. ਪਰਮਿੰਦਰ ਸਿੰਘ ਗੋਲਡੀ ਨੇ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਪਿੰਡਾਂ ਨੂੰ ਛੋਟੇ-ਛੋਟੇ ਬੱਸ ਰੂਟਾਂ ਰਾਹੀਂ ਜੋੜ ਕੇ ਪੇਂਡੂ ਪਰਿਵਾਰਾਂ ਨੂੰ ਆਵਾਜਾਈ ਦੀ ਸਹੂਲਤ ਪ੍ਰਦਾਨ ਕਰਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ, ਜੋ ਬਹੁਤ ਸ਼ਲਾਘਾਯੋਗ ਹੈ। ਉਨ੍ਹਾਂ ਟਰਾਂਸਪੋਰਟ ਮੰਤਰੀ ਸ. ਹਰਪਾਲ ਸਿੰਘ ਚੀਮਾ, ਪੀਆਰਟੀਸੀ ਦੇ ਚੇਅਰਮੈਨ ਸ. ਹਰਪਾਲ ਜਨੇਜਾ, ਪੀਆਰਟੀਸੀ ਦੀ ਐਮਡੀ ਮੈਡਮ ਜਸ਼ਨਪ੍ਰੀਤ ਕੌਰ ਗਿੱਲ, ਜਨਰਲ ਮੈਨੇਜਰ ਸ. ਅਮਨਵੀਰ ਸਿੰਘ ਟਵਾਣਾ ਅਤੇ ਵਿਭਾਗ ਦੇ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਦੀ ਮਿਹਨਤ ਨਾਲ ਇਸ ਰੂਟ ਦੀ ਯੋਜਨਾ ਤਿਆਰ ਕਰਕੇ ਬੱਸ ਸੇਵਾ ਸ਼ੁਰੂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਬੱਸ ਸਵੇਰੇ 7:30 ਵਜੇ ਮੁੱਲਾਂਪੁਰ ਗਰੀਬਦਾਸ ਤੋਂ ਰਵਾਨਾ ਹੋ ਕੇ ਲਗਭਗ 9 ਵਜੇ ਖਰੜ ਪਹੁੰਚੇਗੀ। ਇਹ ਬੱਸ ਰਤਵਾੜਾ ਸਾਹਿਬ, ਸੈਣੀ ਮਾਜਰਾ, ਰਾਣੀ ਮਾਜਰਾ, ਪਲਹੇੜੀ, ਰੁੜਕੀ, ਤਿਊੜ, ਜਕੜ ਮਾਜਰਾ, ਹਲਾਲਪੁਰ, ਜੰਡਪੁਰ, ਖਰੜ ਝੁੰਗੀਆਂ ਅਤੇ ਦਸ਼ਮੇਸ਼ ਨਗਰ ਸਮੇਤ ਵੱਖ-ਵੱਖ ਪਿੰਡਾਂ ਅਤੇ ਇਲਾਕਿਆਂ ਰਾਹੀਂ ਖਰੜ ਬੱਸ ਅੱਡੇ ਤੱਕ ਪਹੁੰਚੇਗੀ। ਇਸ ਰੂਟ 'ਤੇ ਦਿਨ ਭਰ ਤਿੰਨ ਆਉਣ-ਜਾਣ ਦੇ ਚੱਕਰ ਚਲਾਏ ਜਾਣਗੇ ਅਤੇ ਸ਼ਾਮ ਕਰੀਬ 5:30 ਵਜੇ ਬੱਸ ਸੇਵਾ ਸਮਾਪਤ ਹੋਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਹਲਕਾ ਖਰੜ ਵਿੱਚ ਆਉਣ ਵਾਲੇ ਸਮੇਂ ਦੌਰਾਨ ਹੋਰ ਬੱਸ ਸੇਵਾਵਾਂ ਸ਼ੁਰੂ ਕਰਨ ਦੀ ਯੋਜਨਾ ਹੈ, ਜਿਸ ਨਾਲ ਹੋਰ ਪਿੰਡਾਂ ਨੂੰ ਵੀ ਬੱਸ ਸਹੂਲਤ ਨਾਲ ਜੋੜਿਆ ਜਾਵੇਗਾ।

ਇਸ ਮੌਕੇ ਹਾਜ਼ਰ ਪਤਵੰਤੇ ਸੱਜਣਾਂ ਵਿੱਚ ਸ. ਜਸਵਿੰਦਰ ਸਿੰਘ ਜੱਸਾ, ਸ. ਜਸਪਾਲ ਸਿੰਘ ਮੁੱਲਾਂਪੁਰ, ਸ. ਸਤਵਿੰਦਰ ਸਿੰਘ ਸੂੰਕ, ਸ. ਦਲਵਾਗ ਸਿੰਘ, ਸ. ਤੇਜਵੀਰ ਸਿੰਘ ਸਰਪੰਚ ਫਤਿਹ ਰੁੜਕੀ, ਸ. ਜਤਿੰਦਰ ਸਿੰਘ ਸਰਪੰਚ, ਸ. ਬਲਜਿੰਦਰ ਸਿੰਘ ਬਲਾਕ ਸੰਮਤੀ ਮੈਂਬਰ, ਸ. ਜੁਝਾਰ ਸਿੰਘ ਸਰਪੰਚ, ਸ. ਗੁਰਮੇਲ ਸਿੰਘ ਸਰਪੰਚ ਸੁੱਖੀ ਮਾਜਰੀ, ਸ. ਗੁਰਸ਼ਰਨ ਸਿੰਘ ਅਤੇ ਹੋਰ ਕਈ ਆਗੂ ਤੇ ਪਤਵੰਤੇ ਸੱਜਣ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।

ਆਰ.ਬੀ.ਆਈ.ਐਸ. ਵੱਲੋਂ ਸਾਈਬਰ ਸੁਰੱਖਿਆ ਅਤੇ ਏ.ਆਈ. ਬਾਰੇ ਜਾਗਰੂਕਤਾ ਵਰਕਸ਼ਾਪ ਦਾ ਆਯੋਜਨ

ਪੈ.ਗਾਮ-ਏ-ਜਗਤ/ਚੰਡੀਗੜ੍ਹ 18 ਨਵੰਬਰ, (ਗੁਰਜੀਤ ਬਿੱਲਾ)

- **ਵਿਦਿਆਰਥੀਆਂ ਨੂੰ ਡਿਜੀਟਲ ਸੁਰੱਖਿਆ, ਆਨਲਾਈਨ ਧੋਖਾਧੜੀ ਅਤੇ ਏਆਈ ਦੀ ਜ਼ਿੰਮੇਵਾਰ ਵਰਤੋਂ ਬਾਰੇ ਕੀਤਾ ਜਾਗਰੂਕ**



ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ (ਆਰਬੀਆਈਐਸ), ਵੱਲੋਂ ਰਿਆਤ ਬਾਹਰਾ ਯੂਨੀਵਰਸਿਟੀ ਦੇ ਸਹਿਯੋਗ ਨਾਲ ਡਿਜੀਟਲ ਸਾਖਰਤਾ ਅਤੇ ਤਕਨਾਲੋਜੀ ਦੀ ਸੁਰੱਖਿਅਤ ਤੇ ਜ਼ਿੰਮੇਵਾਰ ਵਰਤੋਂ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਸਾਈਬਰ ਸੁਰੱਖਿਆ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਸਬੰਧੀ ਜਾਗਰੂਕਤਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਅਤੇ ਯੂਨੀਵਰਸਿਟੀ ਦੇ ਸੀਨੀਅਰ ਵਿਦਿਆਰਥੀਆਂ ਨੇ ਭਾਗ ਲਿਆ।

ਵਰਕਸ਼ਾਪ ਦਾ ਸੰਚਾਲਨ ਸੈਕਿਊਨੀਅਸ ਟੈਕ ਦੇ ਸੰਸਥਾਪਕ ਅਤੇ ਸੀਈਓ ਅਤੇ ਸਾਈਬਰ ਸੁਰੱਖਿਆ ਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਮਾਹਿਰ ਸ੍ਰੀ ਪਲਵਿੰਦਰ ਸਿੰਘ ਵੱਲੋਂ ਕੀਤਾ ਗਿਆ। ਉਨ੍ਹਾਂ ਨੇ ਰੋਜ਼ਾਨਾ ਜੀਵਨ ਵਿੱਚ ਏਆਈ ਦੀ ਵਧ ਰਹੀ ਮਹੱਤਤਾ ਬਾਰੇ ਚਾਨਣਾ ਪਾਉਂਦਿਆਂ ਇਸ ਦੇ ਫਾਇਦਿਆਂ ਦੇ ਨਾਲ-ਨਾਲ ਸੰਭਾਵੀ ਖ਼ਤਰਿਆਂ ਅਤੇ ਚੁਣੌਤੀਆਂ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ।

ਉਨ੍ਹਾਂ ਨੇ ਵਿਦਿਆਰਥੀਆਂ ਨੂੰ ਡਿਜੀਟਲ ਤਕਨਾਲੋਜੀ ਦੀ ਸੁਰੱਖਿਅਤ ਵਰਤੋਂ, ਨਿੱਜੀ ਡੇਟਾ ਦੀ ਗੋਪਨੀਯਤਾ, ਆਨਲਾਈਨ ਧੋਖਾਧੜੀ, ਡੀਪਫੇਕ ਅਤੇ ਸਾਈਬਰ ਖ਼ਤਰਿਆਂ ਦੇ ਵੱਖ-ਵੱਖ ਰੂਪਾਂ ਬਾਰੇ ਜਾਗਰੂਕ ਕੀਤਾ। ਇੰਟਰਐਕਟਿਵ ਸੈਸ਼ਨ ਦੌਰਾਨ ਉਨ੍ਹਾਂ ਨੇ ਵਿਹਾਰਕ ਉਦਾਹਰਨਾਂ ਰਾਹੀਂ ਸਮਝਾਇਆ ਕਿ ਕਿਵੇਂ ਨਿੱਜੀ ਜਾਣਕਾਰੀ ਅਤੇ ਈਮੇਲ ਖਾਤਿਆਂ ਦੀ ਦੁਰਵਰਤੋਂ ਕੀਤੀ ਜਾ ਸਕਦੀ ਹੈ। ਉਨ੍ਹਾਂ ਨੇ ਡਿਜੀਟਲ ਪਛਾਣ ਅਤੇ ਸੰਵੇਦਨਸ਼ੀਲ ਜਾਣਕਾਰੀ ਨੂੰ ਸੁਰੱਖਿਅਤ ਰੱਖਣ ਲਈ ਅਹਿਮ ਸੁਝਾਅ ਵੀ ਸਾਂਝੇ ਕੀਤੇ। ਪਲਵਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਏਆਈ ਆਧਾਰਿਤ ਸਿੱਖਿਆ ਸਾਧਨਾਂ, ਡਿਜ਼ਾਈਨ ਐਪਲੀਕੇਸ਼ਨਾਂ, ਪਾਸਵਰਡ ਮੈਨੇਜਰਾਂ ਅਤੇ ਆਨਲਾਈਨ ਸੁਰੱਖਿਆ ਐਪਲੀਕੇਸ਼ਨਾਂ ਬਾਰੇ ਵੀ ਜਾਣੂ ਕਰਵਾਇਆ। ਉਨ੍ਹਾਂ ਨੇ ਮਜ਼ਬੂਤ ਪਾਸਵਰਡ ਵਰਤਣ, ਕਿਸੇ ਨਾਲ ਵੀ ਓਟੀਪੀ ਸਾਂਝਾ ਨਾ ਕਰਨ, ਸ਼ੱਕੀ ਲਿੰਕਾਂ ਤੋਂ ਬਚਣ ਅਤੇ ਇੰਟਰਨੈੱਟ 'ਤੇ ਨਿੱਜੀ ਜਾਣਕਾਰੀ ਸਾਂਝੀ ਕਰਦੇ ਸਮੇਂ ਸਾਵਧਾਨ ਰਹਿਣ ਦੀ ਸਲਾਹ ਦਿੱਤੀ। ਇਸ ਮੌਕੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ ਅਤੇ ਸਾਈਬਰ ਸੁਰੱਖਿਆ ਤੇ ਏਆਈ ਦੀ ਜ਼ਿੰਮੇਵਾਰ ਵਰਤੋਂ ਸਬੰਧੀ ਵੱਖ-ਵੱਖ ਸਵਾਲ ਪੁੱਛ ਕੇ ਮਾਹਿਰ ਨਾਲ ਵਿਚਾਰ-ਵਟਾਂਦਰਾ ਕੀਤਾ। ਵਰਕਸ਼ਾਪ ਦੇ ਅੰਤ ਵਿੱਚ ਸਕੂਲ ਦੀ ਡਾਇਰੈਕਟਰ-ਪ੍ਰਿੰਸੀਪਲ ਡਾ. ਅਭਿਲਾਸ਼ਾ ਸਿੰਘ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ ਅਤੇ ਪਲਵਿੰਦਰ ਸਿੰਘ ਨੂੰ ਪ੍ਰਸ਼ੰਸਾ ਦੇ ਪ੍ਰਤੀਕ ਵਜੋਂ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ। ਇਹ ਵਰਕਸ਼ਾਪ ਵਿਦਿਆਰਥੀਆਂ ਲਈ ਜਾਣਕਾਰੀ ਭਰਪੂਰ ਅਤੇ ਲਾਹੇਵੰਦ ਸਾਬਤ ਹੋਈ, ਜਿਸ ਨੇ ਉਨ੍ਹਾਂ ਨੂੰ ਡਿਜੀਟਲ ਦੁਨੀਆ ਵਿੱਚ ਸੁਰੱਖਿਅਤ, ਸੁਚੇਤ ਅਤੇ ਜ਼ਿੰਮੇਵਾਰ ਨਾਗਰਿਕ ਬਣਨ ਲਈ ਪ੍ਰੇਰਿਤ ਕੀਤਾ।

ਵਿਧਾਇਕ ਕੁਲਵੰਤ ਸਿੰਘ ਦੇ ਯਤਨਾਂ ਸਦਕਾ ਸੈਕ.-74 ਅਤੇ ਸੈਕ.-75 ਨੂੰ ਜੋੜਨ ਵਾਲੀ ਸੜਕ ਦਾ 3.20 ਕਰੋੜ ਰੁਪਏ ਦੀ ਲਾਗਤ ਨਾਲ ਹੋਵੇਗਾ ਨਵੀਨੀਕਰਨ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, 18 ਨਵੰਬਰ, (ਪੈ.ਗਾਮ-ਏ-ਜਗਤ)



ਮੋਹਾਲੀ ਸ਼ਹਿਰ ਦੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਅਤੇ ਸ਼ਹਿਰ ਵਾਸੀਆਂ ਨੂੰ ਬਿਹਤਰ ਆਵਾਜਾਈ ਸਹੂਲਤਾਂ ਮੁਹੱਈਆ ਕਰਵਾਉਣ ਲਈ ਹਲਕਾ ਮੋਹਾਲੀ ਦੇ ਵਿਧਾਇਕ ਸ. ਕੁਲਵੰਤ ਸਿੰਘ ਦੇ

- **1.36 ਕਿਲੋਮੀਟਰ ਲੰਬੀ ਸੜਕ ਨੂੰ ਆਧੁਨਿਕ ਸਹੂਲਤਾਂ ਨਾਲ ਕੀਤਾ ਜਾਵੇਗਾ ਵਿਕਸਤ**

ਯਤਨਾਂ ਸਦਕਾ ਸੈਕਟਰ 74 (ਫੇਜ਼-8) ਅਤੇ ਸੈਕਟਰ 75 (8ਬੀ) ਨੂੰ ਆਪਸ ਵਿੱਚ ਜੋੜਨ ਵਾਲੀ ਸੜਕ ਦਾ 3.20 ਕਰੋੜ ਰੁਪਏ ਦੀ ਲਾਗਤ ਨਾਲ ਨਵੀਨੀਕਰਨ ਕੀਤਾ ਜਾਵੇਗਾ। ਇਸ ਸੜਕ ਦੀ ਕੁੱਲ ਲੰਬਾਈ 1.36 ਕਿਲੋਮੀਟਰ ਹੋਵੇਗੀ ਅਤੇ ਇਸ ਦਾ ਨਿਰਮਾਣ ਕਾਰਜ ਨਗਰ ਨਿਗਮ ਵੱਲੋਂ ਕਰਵਾਇਆ ਜਾਵੇਗਾ।

ਉਨ੍ਹਾਂ ਦੱਸਿਆ ਕਿ ਮੌਜੂਦਾ ਸਮੇਂ ਇਹ ਸੜਕ 32 ਫੁੱਟ ਚੌੜੀ ਹੈ ਅਤੇ ਸਿੰਗਲ ਕੈਰਿਜਵੇਅ ਵਜੋਂ ਵਰਤੀ ਜਾ ਰਹੀ ਹੈ। ਇਸ ਨਵੀਨੀਕਰਨ ਤਹਿਤ ਸੜਕ ਦੇ ਵਿਚਕਾਰ ਸੈਂਟਰ ਵਰਜ ਬਣਾਇਆ ਜਾਵੇਗਾ ਅਤੇ ਇਸ ਦੇ ਦੋਵੇਂ ਪਾਸੇ 22-22 ਫੁੱਟ ਚੌੜੀਆਂ ਸੜਕਾਂ ਤਿਆਰ ਕੀਤੀਆਂ ਜਾਣਗੀਆਂ। ਇਸ ਨਾਲ ਸੜਕ ਦੀ ਬਣਤਰ ਨੂੰ ਹੋਰ ਵਿਵਸਥਿਤ ਕੀਤਾ ਜਾਵੇਗਾ ਅਤੇ ਵਾਹਨਾਂ ਦੀ ਆਵਾਜਾਈ ਨੂੰ ਸੁਚਾਰੂ ਬਣਾਉਣ ਵਿੱਚ ਮਦਦ ਮਿਲੇਗੀ।

ਸ. ਕੁਲਵੰਤ ਸਿੰਘ ਨੇ ਕਿਹਾ ਕਿ ਸ਼ਹਿਰ ਦੇ ਵਿਕਾਸ ਕਾਰਜਾਂ ਵਿੱਚ ਲੋਕਾਂ ਦੀਆਂ ਲੋੜਾਂ ਅਤੇ ਸਹੂਲਤਾਂ ਨੂੰ ਪਹਿਲ ਦਿੱਤੀ ਜਾ ਰਹੀ ਹੈ। ਸੜਕਾਂ ਦਾ ਨਵੀਨੀਕਰਨ, ਬਿਹਤਰ ਆਵਾਜਾਈ ਪ੍ਰਬੰਧ ਅਤੇ ਪੈਦਲ ਚੱਲਣ ਵਾਲਿਆਂ ਲਈ ਸਹੂਲਤਾਂ ਮੁਹੱਈਆ ਕਰਵਾਉਣਾ ਸ਼ਹਿਰੀ ਵਿਕਾਸ ਦਾ ਅਹਿਮ ਹਿੱਸਾ ਹਨ।

ਉਨ੍ਹਾਂ ਕਿਹਾ ਕਿ 3.20 ਕਰੋੜ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਇਸ ਸੜਕ ਨਵੀਨੀਕਰਨ ਪ੍ਰਾਜੈਕਟ ਦੇ ਮੁਕੰਮਲ ਹੋਣ ਨਾਲ ਸੈਕਟਰ 74 (ਫੇਜ਼-8) ਅਤੇ ਸੈਕਟਰ 75 (8ਬੀ) ਦੇ ਵਸਨੀਕਾਂ ਨੂੰ ਆਵਾਜਾਈ ਦੀ ਬਿਹਤਰ ਸਹੂਲਤ ਮਿਲੇਗੀ। ਇਸ ਦੇ ਨਾਲ ਹੀ ਇਲਾਕੇ ਵਿੱਚ ਸੜਕੀ ਬੁਨਿਆਦੀ ਢਾਂਚਾ ਹੋਰ ਮਜ਼ਬੂਤ ਹੋਵੇਗਾ ਅਤੇ ਸ਼ਹਿਰ ਦੇ ਵਿਕਾਸ ਨੂੰ ਨਵੀਂ ਦਿਸ਼ਾ ਮਿਲੇਗੀ।

ਇਸ ਮੌਕੇ ਸਰਬਜੀਤ ਸਿੰਘ ਸਮਾਣਾ, ਮੇਅਰ ਨਗਰ ਨਿਗਮ, ਆਰ.ਪੀ.ਸ਼ਰਮਾ ਸੀਨੀਅਰ ਡਿਪਟੀ ਮੇਅਰ, ਹਰਪਾਲ ਸਿੰਘ ਚੰਨਾ ਡਿਪਟੀ ਮੇਅਰ ਮੋਹਾਲੀ, ਹਰਪਾਲ ਸਿੰਘ ਬਰਾੜ ਐਮ.ਸੀ.ਵਾਰਡ ਨੰ. 50, ਕੁਲਦੀਪ ਸਿੰਘ ਸਮਾਣਾ, ਸ੍ਰੀ ਅਸ਼ੋਕ ਗੁਪਤਾ,ਪ੍ਰਧਾਨ ਮੋਹਾਲੀ ਉਦਯੋਗ ਐਸੋਸੀਏਸ਼ਨ, ਹਰਿੰਦਰ ਸਿੰਘ ਬਿੱਲਾ, ਐਡਵੋਕੇਟ ਜਸਵੀਰ ਸਿੰਘ, ਕੇ.ਐਸ. ਮਾਹਲ, ਆਰ. ਵਿੱਜ, ਏ.ਐਸ. ਪ੍ਰਮਾਰ, ਗੁਰਪ੍ਰੀਤ ਸਿੰਘ ਚਾਹਲ, ਗੁਰਪ੍ਰੀਤ ਸਿੰਘ ਲਾਂਡਰਾਂ, ਜਸਪ੍ਰੀਤ ਸਿੰਘ ਸਰਪੰਚ ਲਾਂਡਰਾਂ, ਦਰਸ਼ਣ ਸਿੰਘ ਮਟੌਰ ਬਲਾਕ ਪ੍ਰਧਾਨ, ਅਕਬਿੰਦਰ ਸਿੰਘ ਗੋਸਲ ਚੇਅਰਮੈਨ, ਵਪਾਰ ਕਮਿਸ਼ਨ ਹਲਕਾ ਮੋਹਾਲੀ, ਬਚਨ ਸਿੰਘ ਬੋਪਾਰਾਏ ਐਮ.ਸੀ., ਕਮਲਜੀਤ ਕੌਰ ਐਮ.ਸੀ.ਸੋਹਾਣਾ ਹਾਜ਼ਰ ਸਨ।

ਮੋਹਾਲੀ ਵਿੱਚ 22 ਨਵੰਬਰ ਨੂੰ ਹੋਵੇਗਾ 8ਵਾਂ ਸਾਲਾਨਾ 'ਭੰਗੜਾ ਉਤਸਵ'

ਮੋਹਾਲੀ, 18 ਨਵੰਬਰ (ਪੈ.ਗਾਮ-ਏ-ਜਗਤ)

- **ਪੰਜਾਬੀ ਲੋਕ ਨਾਚਾਂ ਦੀਆਂ ਪੇਸ਼ਕਾਰੀਆਂ ਨਾਲ ਬੱਝੇਗਾ ਰੰਗ, ਭੰਗੜੇ ਨੇ ਬਹੁਤ ਮਾਣ-ਇੱਜ਼ਤ ਬਖ਼ਸ਼ੀ: ਪੀਟਰ ਸੋਢੀ**



ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ ਅਤੇ ਵਿਰਾਸਤੀ ਲੋਕ ਨਾਚਾਂ ਨੂੰ ਪ੍ਰਫੁੱਲਿਤ ਕਰਨ ਦੇ ਉਦੇਸ਼ ਨਾਲ ਨਿਊ ਥੀਏਟਰ ਵੱਲੋਂ ਚੰਡੀਗੜ੍ਹ ਸੰਗੀਤ ਨਾਟਕ ਅਕਾਦਮੀ ਦੇ ਸਹਿਯੋਗ ਨਾਲ 8ਵਾਂ ਸਾਲਾਨਾ 'ਭੰਗੜਾ ਉਤਸਵ' 22 ਨਵੰਬਰ 2026 ਨੂੰ ਕਰਵਾਇਆ ਜਾ ਰਿਹਾ ਹੈ।

ਇਹ ਸਮਾਗਮ ਸੈਕਟਰ-68 ਸਥਿਤ ਸਿਟੀ ਪਾਰਕ ਦੇ ਓਪਨ ਆਡੀਟੋਰੀਅਮ ਵਿਖੇ ਦੁਪਹਿਰ 3 ਤੋਂ ਸ਼ਾਮ 6 ਵਜੇ ਤੱਕ ਹੋਵੇਗਾ। ਇਸ ਮੌਕੇ ਫੈਸ਼ਨ ਸ਼ੋਅ ਵੀ ਕਰਵਾਇਆ ਜਾਵੇਗਾ। ਮੋਹਾਲੀ ਪ੍ਰੈਸ ਕਲੱਬ ਵਿਚ ਇਕ ਪ੍ਰੈਸ ਕਾਨਫਰੰਸ ਦੌਰਾਨ ਸ. ਪ੍ਰਿਤਪਾਲ ਸਿੰਘ (ਪੀਟਰ ਸੋਢੀ) ਨੇ ਦੱਸਿਆ ਕਿ ਇਸ ਸਮਾਗਮ ਵਿੱਚ ਬੱਚਿਆਂ, ਨੌਜਵਾਨਾਂ, ਕੰਮਕਾਜੀ ਪੇਸ਼ੇਵਰਾਂ ਅਤੇ ਸੀਨੀਅਰ ਸਿਟੀਜ਼ਨਾਂ ਸਮੇਤ ਹਰ ਉਮਰ ਵਰਗ ਦੇ ਕਲਾਕਾਰ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨਗੇ। ਪੁਰਾਤਨ ਭੰਗੜਾ, ਗਿੱਧਾ, ਝੂਮਰ ਅਤੇ ਲੁੱਡੀ ਵਰਗੇ

ਮਾਊਂਟ ਕਾਰਮਲ ਸੀਨੀਅਰ ਸੈਕੰਡਰੀ ਸਕੂਲ ਬਲਾਚੌਰ ਵਿਖੇ ਸਾਲਾਨਾ ਸਮਾਗਮ ਸ਼ਾਨੋ-ਸ਼ੌਕਤ ਨਾਲ ਸੰਪੰਨ

ਪੈ.ਗਾਮ-ਏ-ਜਗਤ/ਬਲਾਚੌਰ
18 ਨਵੰਬਰ (ਜਤਿੰਦਰਪਾਲ ਸਿੰਘ ਕਲੇਰ)

ਮਾਊਂਟ ਕਾਰਮਲ ਸੀਨੀਅਰ ਸੈਕੰਡਰੀ ਸਕੂਲ ਬਲਾਚੌਰ ਵਿਖੇ ਸਾਲਾਨਾ ਸਮਾਗਮ ਬੜੇ ਉਤਸ਼ਾਹ, ਜੋਸ਼ ਅਤੇ ਸ਼ਾਨੋ-ਸ਼ੌਕਤ ਨਾਲ

- ਵਿਦਿਆਰਥੀਆਂ ਨੇ ਚਾਨਣ ਫੈਲਾਉਣ ਦਾ ਦਿੱਤਾ ਸੰਦੇਸ਼

ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਡਾਇਰੈਕਟਰ ਫਾਦਰ ਜਾਰਜ ਵਾਇਲਿਲ ਅਤੇ ਪ੍ਰਿੰਸੀਪਲ ਸਿਸਟਰ ਡਾ. ਫਿਜੀ ਜੌਸਫ਼ ਵਿਸ਼ੇਸ਼ ਤੌਰ ਤੇ ਮੌਜੂਦ ਰਹੇ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਰੈਵ. ਫਾਦਰ ਜੇਮਜ਼ ਵੇਲਾਸੇਰੀ ਨੇ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਕਈ ਹੋਰ ਪਤਵੰਤੇ ਸੱਜਣ ਅਤੇ ਵਿਸ ਮਹਿਮਾਨ ਵੀ ਸਮਾਗਮ ਦੀ ਸ਼ੋਭਾ ਵਧਾਉਣ ਲਈ ਪਹੁੰਚੇ।

ਇਸ ਸਾਲ ਸਮਾਗਮ ਦਾ ਵਿਸ਼ਾ ਲੈਟ ਦੈਅਰ ਬੀ ਲਾਈਟ ਆਓ, ਚਾਨਣ ਫੈਲਾਈਏ ਰੱਖਿਆ ਗਿਆ, ਜਿਸ ਨੇ ਗਿਆਨ, ਉਮੀਦ,



ਸਕਾਰਾਤਮਕਤਾ ਅਤੇ ਚੰਗੇ ਭਵਿੱਖ ਦਾ ਸੰਦੇਸ਼ ਦਿੱਤਾ। ਸਮਾਗਮ ਦੀ ਸ਼ੁਰੂਆਤ ਸ਼ੁਭ ਰਸਮਾਂ ਨਾਲ ਹੋਈ। ਇਸ ਉਪਰੰਤ ਵਿਦਿਆਰਥੀਆਂ ਵੱਲੋਂ ਵੱਖ-ਵੱਖ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ। ਨਾਚ, ਗੀਤ, ਨਾਟਕ ਅਤੇ ਹੋਰ ਮਨਮੋਹਕ ਪੇਸ਼ਕਾਰੀਆਂ ਰਾਹੀਂ ਬੱਚਿਆਂ ਨੇ ਆਪਣੀ ਕਲਾ, ਪ੍ਰਤਿਭਾ ਅਤੇ ਆਤਮ-ਵਿਸ਼ਵਾਸ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਹਰ ਪੇਸ਼ਕਾਰੀ ਨੂੰ ਦਰਸ਼ਕਾਂ ਵੱਲੋਂ ਭਰਪੂਰ ਸਰਾਹਨਾ ਮਿਲੀ। ਇਸ ਮੌਕੇ ਬੋਰਡ ਦੀਆਂ ਪ੍ਰੀਖਿਆਵਾਂ ਵਿੱਚ ਵਧੀਆ ਅੰਕ ਪ੍ਰਾਪਤ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ ਅਤੇ ਇਨਾਮ ਦੇ ਕੇ ਉਨ੍ਹਾਂ ਦੀ ਮਿਹਨਤ ਅਤੇ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ ਗਈ। ਸਮਾਗਮ ਦਾ ਮੁੱਖ ਆਕਰਸ਼ਣ ਅੰਤ ਵਿੱਚ ਪੇਸ਼ ਕੀਤਾ ਗਿਆ ਸ਼ਾਨਦਾਰ ਗ੍ਰੈਂਡ ਫਿਨਾਲੇ ਰਿਹਾ। ਸਾਰੇ ਵਿਦਿਆਰਥੀਆਂ ਦੀ ਸਾਂਝੀ ਪੇਸ਼ਕਾਰੀ ਨੇ ਸਮਾਗਮ ਵਿੱਚ ਨਵਾਂ ਜੋਸ਼ ਅਤੇ ਉਤਸ਼ਾਹ ਭਰ ਦਿੱਤਾ। ਇਸ ਤਰ੍ਹਾਂ ਮਾਊਂਟ ਕਾਰਮਲ ਸੀਨੀਅਰ ਸੈਕੰਡਰੀ ਸਕੂਲ ਬਲਾਚੌਰ ਦਾ ਇਹ ਸਾਲਾਨਾ ਸਮਾਗਮ ਵਿਦਿਆਰਥੀਆਂ ਦੀ ਪ੍ਰਤਿਭਾ, ਮਿਹਨਤ ਅਤੇ ਸਿਰਜਣਾਤਮਕਤਾ ਦਾ ਯਾਦਗਾਰ ਜਸ਼ਨ ਬਣ ਕੇ ਸੰਪੰਨ ਹੋਇਆ।

ਪਾਕਿਸਤਾਨ ਦੀ ਪਹਿਲੀ ਸਿੱਖ ਬੀਬੀ ਡਾ. ਸਤਵੰਤ ਕੌਰ ਨੇ ਪੀ.ਐੱਚ.ਡੀ. ਕਰਕੇ ਰਚਿਆ ਇਤਿਹਾਸ

ਲਾਹੌਰ/ਵਾਸ਼ਿੰਗਟਨ ਡੀ.ਸੀ.
(ਪੈ.ਗਾਮ-ਏ-ਜਗਤ/ਬਲਵਿੰਦਰ ਬਾਲਮ)

ਪਾਕਿਸਤਾਨ ਦੇ ਸਿੱਖ ਭਾਈਚਾਰੇ ਲਈ ਉਸ ਸਮੇਂ ਮਾਣਮੱਤਾ ਇਤਿਹਾਸਕ ਪਲ ਬਣਿਆ, ਜਦੋਂ ਬੀਬੀ ਸਤਵੰਤ ਕੌਰ ਨੇ ਸਿੱਖਿਆ ਦੇ ਖੇਤਰ ਵਿੱਚ ਪੀਐੱਚ.ਡੀ. ਦੀ ਡਿਗਰੀ ਹਾਸਲ ਕਰਕੇ ਪਾਕਿਸਤਾਨ ਦੀ ਪਹਿਲੀ ਸਿੱਖ ਮਹਿਲਾ

- ਸਿੱਖਿਆ ਦੇ ਖੇਤਰ ਵਿੱਚ ਡਾਕਟਰੇਟ ਹਾਸਲ ਕਰਕੇ ਸਿੱਖ ਮਹਿਲਾਵਾਂ ਲਈ ਬਣੀ ਪ੍ਰੇਰਨਾ ਸਰੋਤ : ਡਾ. ਸੁਰਿੰਦਰ ਸਿੰਘ ਗਿੱਲ

ਡਾਕਟਰੇਟ ਹੋਣ ਦਾ ਮਾਣ ਪ੍ਰਾਪਤ ਕੀਤਾ। ਉਨ੍ਹਾਂ ਦੀ ਇਸ ਵਿਲੱਖਣ ਪ੍ਰਾਪਤੀ ਨੇ ਨਾ ਸਿਰਫ਼ ਪਾਕਿਸਤਾਨ ਦੇ ਸਿੱਖ ਭਾਈਚਾਰੇ ਦਾ ਸਿਰ ਮਾਣ ਨਾਲ ਉੱਚਾ ਕੀਤਾ, ਸਗੋਂ ਘੱਟ ਗਿਣਤੀ ਭਾਈਚਾਰਿਆਂ ਦੀਆਂ ਲੜਕੀਆਂ ਲਈ ਉੱਚ ਸਿੱਖਿਆ ਦੇ ਨਵੇਂ ਰਾਹ ਵੀ ਰੌਸ਼ਨ ਕੀਤੇ ਹਨ।

ਡਾ. ਸਤਵੰਤ ਕੌਰ ਨੇ ਇਹ ਮਾਣਮੱਤੀ ਪ੍ਰਾਪਤੀ ਪਾਕਿਸਤਾਨ ਦੇ ਉੱਘੇ ਸਿੱਖ ਵਿਦਵਾਨ ਅਤੇ ਪਹਿਲੇ ਸਿੱਖ ਪੀਐੱਚ.ਡੀ. ਡਾ. ਕਲਿਆਣ ਸਿੰਘ ਦੀ ਅਗਵਾਈ ਅਤੇ ਪ੍ਰੇਰਨਾ ਸਦਕਾ ਹਾਸਲ ਕੀਤੀ। ਡਾ. ਕਲਿਆਣ ਸਿੰਘ ਨੇ ਉਨ੍ਹਾਂ ਦੀ ਸਖ਼ਤ ਮਿਹਨਤ, ਲਗਨ ਅਤੇ ਵਿਦਿਅਕ ਪ੍ਰਾਪਤੀ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸਫਲਤਾ ਆਉਣ ਵਾਲੀਆਂ ਪੀੜ੍ਹੀਆਂ ਲਈ ਚਾਨਣ ਮੁਨਾਰਾ ਸਾਬਤ ਹੋਵੇਗੀ।

ਇਸ ਮੌਕੇ ਪਾਕਿਸਤਾਨ ਦੇ ਕੈਬਨਿਟ ਮੰਤਰੀ ਅਤੇ ਉੱਘੇ ਸਿੱਖ ਆਗੂ ਰਮੇਸ਼ ਸਿੰਘ ਅਰੋੜਾ ਨੇ ਡਾ. ਸਤਵੰਤ ਕੌਰ ਨੂੰ ਵਿਸ਼ੇਸ਼ ਵਧਾਈ ਦਿੱਤੀ ਅਤੇ ਉਨ੍ਹਾਂ ਦਾ ਸਨਮਾਨ ਕੀਤਾ। ਡਾ.





ਕਲਿਆਣ ਸਿੰਘ ਨੇ ਵੀ ਉਨ੍ਹਾਂ ਨੂੰ ਸਨਮਾਨਿਤ ਕਰਦਿਆਂ ਇਸ ਪ੍ਰਾਪਤੀ ਨੂੰ ਪਾਕਿਸਤਾਨ ਦੇ ਸਿੱਖ ਇਤਿਹਾਸ ਵਿੱਚ ਸੁਨਹਿਰੀ ਅਧਿਆਇ ਕਰਾਰ ਦਿੱਤਾ।

ਅਮਰੀਕਾ ਤੋਂ ਅੰਤਰਰਾਸ਼ਟਰੀ ਫੋਰਮ ਯੂਐੱਸਏ ਦੇ ਚੇਅਰਮੈਨ ਅਤੇ ਅੰਬੈਸਡਰ ਫਾਰ ਪੀਸ ਡਾ. ਸੁਰਿੰਦਰ ਸਿੰਘ ਗਿੱਲ ਨੇ ਡਾ. ਸਤਵੰਤ ਕੌਰ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ “ਡਾ. ਸਤਵੰਤ ਕੌਰ ਨੇ ਸਾਬਤ ਕਰ ਦਿੱਤਾ ਹੈ ਕਿ ਦ੍ਰਿੜ੍ਹ ਇਰਾਦੇ, ਮਿਹਨਤ ਅਤੇ ਸਹੀ ਅਗਵਾਈ ਨਾਲ ਘੱਟ ਗਿਣਤੀ ਭਾਈਚਾਰੇ ਦੀਆਂ ਧੀਆਂ ਵੀ ਉੱਚ ਸਿੱਖਿਆ ਦੇ ਖੇਤਰ ਵਿੱਚ ਇਤਿਹਾਸ ਸਿਰਜ ਸਕਦੀਆਂ ਹਨ। ਉਨ੍ਹਾਂ ਦੀ ਇਹ ਪ੍ਰਾਪਤੀ ਸਿਰਫ਼ ਇੱਕ ਡਿਗਰੀ ਨਹੀਂ, ਸਗੋਂ ਮਹਿਲਾ ਸਸ਼ਕਤੀਕਰਨ, ਵਿਦਿਅਕ ਬਰਾਬਰੀ ਅਤੇ ਸਮਾਜਿਕ ਤਰੱਕੀ ਦਾ ਮਜ਼ਬੂਤ ਸੰਦੇਸ਼ ਹੈ।

ਡਾ. ਗਿੱਲ ਨੇ ਅੱਗੇ ਕਿਹਾ ਕਿ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਦੀਆਂ ਪਹਿਲਾਂ “ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ”ਦਾ ਸੰਦੇਸ਼ ਦੇ ਕੇ ਇਸਤਰੀ ਦੇ ਸਨਮਾਨ ਅਤੇ ਬਰਾਬਰੀ ਦੀ ਨੀਂਹ ਰੱਖੀ ਸੀ। ਡਾ. ਸਤਵੰਤ ਕੌਰ ਦੀ ਇਹ ਸਫਲਤਾ ਉਸੇ ਮਹਾਨ ਸਿਧਾਂਤ ਦੀ ਜਿਊਂਦੀ-ਜਾਗਦੀ ਮਿਸਾਲ ਹੈ।

ਉਨ੍ਹਾਂ ਕਿਹਾ ਕਿ ਪਾਕਿਸਤਾਨ ਸਮੇਤ ਸਮੁੱਚੇ ਵਿਸ਼ਵ ਵਿੱਚ ਵੱਸਦੇ ਸਿੱਖ ਪਰਿਵਾਰਾਂ ਨੂੰ ਆਪਣੀਆਂ ਧੀਆਂ ਨੂੰ ਉੱਚ ਸਿੱਖਿਆ, ਖੋਜ ਅਤੇ ਵਿਗਿਆਨਕ ਅਧਿਐਨ ਵੱਲ ਉਤਸ਼ਾਹਿਤ ਕਰਨਾ ਚਾਹੀਦਾ ਹੈ। ਉਨ੍ਹਾਂ ਡਾ. ਕਲਿਆਣ ਸਿੰਘ ਦੀ ਅਗਵਾਈ ਦੀ ਵੀ ਸ਼ਲਾਘਾ ਕੀਤੀ, ਜਿਨ੍ਹਾਂ ਦੇ ਮਾਰਗਦਰਸ਼ਨ ਹੇਠ ਡਾ. ਸਤਵੰਤ ਕੌਰ ਨੇ ਇਹ ਮੀਲ ਪੱਥਰ ਸਥਾਪਿਤ ਕੀਤਾ।

ਇਸੇ ਦੌਰਾਨ ਕਰਾਚੀ ਤੋਂ ਘੱਟ ਗਿਣਤੀਆਂ ਦੇ ਹੱਕਾਂ ਲਈ ਸਰਗਰਮ ਆਗੂ ਰਾਮ ਸਿੰਘ, ਫੋਕਲ ਪਰਸਨ, ਨੇ ਵੀ ਡਾ. ਸਤਵੰਤ ਕੌਰ ਨੂੰ ਦਿਲੋਂ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਅਜਿਹੀਆਂ ਵਿਦਿਅਕ ਪ੍ਰਾਪਤੀਆਂ ਪਾਕਿਸਤਾਨ ਵਿੱਚ ਘੱਟ ਗਿਣਤੀ ਭਾਈਚਾਰਿਆਂ ਦੇ ਨੌਜਵਾਨਾਂ, ਖ਼ਾਸ ਕਰਕੇ ਲੜਕੀਆਂ ਵਿੱਚ ਆਤਮ-ਵਿਸ਼ਵਾਸ ਪੈਦਾ ਕਰਦੀਆਂ ਹਨ।

ਡਾ. ਸੁਰਿੰਦਰ ਸਿੰਘ ਗਿੱਲ ਨੇ ਅੰਤ ਵਿੱਚ ਕਿਹਾ ਕਿ ਕੌਮਾਂ ਦੀ ਅਸਲ ਤਰੱਕੀ ਉੱਚੀਆਂ ਇਮਾਰਤਾਂ ਨਾਲ ਨਹੀਂ, ਸਗੋਂ ਪੜ੍ਹੀਆਂ-ਲਿਖੀਆਂ ਧੀਆਂ ਅਤੇ ਗਿਆਨਵਾਨ ਪੀੜ੍ਹੀਆਂ ਨਾਲ ਹੁੰਦੀ ਹੈ। ਡਾ. ਸਤਵੰਤ ਕੌਰ ਦੀ ਇਹ ਪ੍ਰਾਪਤੀ ਸਮੁੱਚੀ ਸਿੱਖ ਕੌਮ ਲਈ ਮਾਣ, ਸਨਮਾਨ ਅਤੇ ਪ੍ਰੇਰਨਾ ਦਾ ਪ੍ਰਤੀਕ ਬਣੇਗੀ।

ਨੈਸ਼ਨਲ ਹਾਈਵੇ ਤੇ ਓਵਰਲੋਡ ਭੂੰਗ ਵਾਲੀ ਟਰਾਲੀ ਪਲਟੀ

ਪੈ.ਗਾਮ-ਏ-ਜਗਤ/ਬਲਾਚੌਰ
18 ਨਵੰਬਰ (ਜਤਿੰਦਰਪਾਲ ਸਿੰਘ ਕਲੇਰ)

ਨੈਸ਼ਨਲ ਹਾਈਵੇ ਰੋਪੜ -ਬਲਾਚੌਰ ਨੇੜੇ ਰੱਕੜਾਂ ਅਤੇ ਲੋਹਟਾਂ ਦੇ ਵਿਚਕਾਰ ਅੱਜ ਫਿਰ ਇੱਕ ਵੱਡਾ ਹਾਦਸਾ ਵਾਪਰਦਿਆਂ-ਵਾਪਰਦਿਆਂ ਟਲ ਗਿਆ। ਜਦੋਂ ਭੂੰਗ ਨਾਲ ਓਵਰਲੋਡ ਭਰੀ

- ਰੇਲਿੰਗ ਤੋੜ ਕੇ ਟਰੈਕਟਰ ਖਤਾਨਾਂ ਵਿੱਚ ਲਮਕਿਆ

ਟਰਾਲੀ ਅਚਾਨਕ ਪਲਟ ਗਈ ਅਤੇ ਟਰੈਕਟਰ ਰੇਲਿੰਗ ਤੋੜ ਕੇ ਥੱਲੇ ਖਤਾਨਾਂ ਵਿੱਚ ਜਾ ਕੇ ਲਮਕ ਗਿਆ। ਖੁਸ਼ਕਿਸਮਤੀ ਇਹ ਰਹੀ ਕਿ ਇਸ ਹਾਦਸੇ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ, ਪਰ ਹਾਈਵੇ ਤੇ ਘੰਟਿਆਂ ਤੱਕ ਆਵਾਜਾਈ ਪ੍ਰਭਾਵਿਤ ਰਹੀ ਅਤੇ ਰੋਡ ਇੱਕ ਪਾਸੇ ਤੋਂ ਵਨ ਵੇ ਹੋ ਗਿਆ।

ਜਾਣਕਾਰੀ ਅਨੁਸਾਰ ਇਹ ਟਰੈਕਟਰ ਟਰਾਲੀ ਬਲਾਚੌਰ ਤੋਂ ਰੋਪੜ ਵਾਲੇ ਪਾਸੇ ਜਾ ਰਹੀ ਸੀ। ਦੱਸਿਆ ਜਾ ਰਿਹਾ ਹੈ ਕਿ ਅੱਗੇ ਕੋਈ ਗੱਡੀ ਆ ਜਾਣ ਕਾਰਨ ਟਰੈਕਟਰ ਚਾਲਕ ਨੇ ਸਾਈਡ ਮਾਰੀ ਅਤੇ ਓਵਰਲੋਡ ਹੋਣ ਕਾਰਨ ਟਰਾਲੀ ਦਾ



ਸੰਤੁਲਨ ਵਿਗੜ ਗਿਆ। ਟਰਾਲੀ ਪਲਟ ਗਈ ਅਤੇ ਟਰੈਕਟਰ ਰੇਲਿੰਗ ਤੋੜਦਾ ਹੋਇਆ ਥੱਲੇ ਖਤਾਨਾਂ ਵਿੱਚ ਜਾ ਲਮਕਿਆ।

ਮੌਕੇ ਤੇ ਪਹੁੰਚੇ ਲੋਕਾਂ ਨੇ ਦੱਸਿਆ ਕਿ ਟਰਾਲੀ ਇੰਨੀ ਓਵਰਲੋਡ ਸੀ ਕਿ ਟਰੈਕਟਰ ਦੇ ਟਾਇਰ ਜ਼ਮੀਨ ਤੇ ਲੱਗਦੇ ਹੀ ਨਹੀਂ ਸਨ, ਸਗੋਂ ਉੱਪਰ ਹੀ ਚੁੱਕੇ ਰਹਿੰਦੇ ਸਨ।

ਇਲਾਕਾ ਵਾਸੀਆਂ ਨੇ ਦੱਸਿਆ ਕਿ ਇਹ ਕੋਈ ਪਹਿਲੀ ਘਟਨਾ ਨਹੀਂ ਹੈ। ਇੱਥੇ ਅਕਸਰ ਪੇਪਰ ਮਿੱਲ ਨੂੰ ਤੂੜੀ ਲੈ ਕੇ ਜਾਣ ਵਾਲੇ ਟਰੈਕਟਰ ਟਰਾਲੀਆਂ ਦੇ ਹਾਦਸੇ ਹੁੰਦੇ ਰਹਿੰਦੇ ਹਨ। ਰੋਜ਼ ਹੀ ਕੋਈ ਨਾ ਕੋਈ ਟਰੈਕਟਰ ਪਲਟਦਾ ਰਹਿੰਦਾ ਹੈ। ਓਵਰਲੋਡ ਟਰਾਲੀਆਂ ਕਾਰਨ ਨੈਸ਼ਨਲ ਹਾਈਵੇ ਤੇ ਚੱਲਣ ਵਾਲੇ ਹੋਰ ਵਾਹਨ ਚਾਲਕਾਂ ਦੀ ਜਾਨ ਹਮੇਸ਼ਾ ਖਤਰੇ ਵਿੱਚ ਰਹਿੰਦੀ ਹੈ।

ਇਲਾਕਾ ਵਾਸੀਆਂ ਨੇ ਪ੍ਰਸ਼ਾਸਨ ਅਤੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਇਨ੍ਹਾਂ ਓਵਰਲੋਡ ਟਰੈਕਟਰ ਟਰਾਲੀਆਂ ਤੇ ਨਕੇਲ ਕੱਸੀ ਜਾਵੇ ਅਤੇ ਇਨ੍ਹਾਂ ਖਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਲੋਕਾਂ ਨੇ ਕਿਹਾ ਕਿ ਇਨ੍ਹਾਂ ਟਰੈਕਟਰਾਂ ਨੂੰ ਬੰਦ ਕੀਤਾ ਜਾਵੇ, ਨਹੀਂ ਤਾਂ ਕਿਸੇ ਵੇਲੇ ਵੀ ਵੱਡਾ ਹਾਦਸਾ ਵਾਪਰ ਸਕਦਾ ਹੈ।

ਸਭ ਤੋਂ ਵੱਡੀ ਚਿੰਤਾ ਵਾਲੀ ਗੱਲ ਇਹ ਹੈ ਕਿ ਇਸ ਹਾਦਸੇ ਕਾਰਨ ਵਨਵੇ ਰੋਡ ਹੋਣ ਕਾਰਨ ਰੋਪੜ ਤੋਂ ਲੋਕਾਂ ਨੂੰ ਭਾਰੀ ਮੁਸ਼ਕਿਲ ਦਾ ਸਾਹਮਣਾ ਕਰਨਾ ਪਿਆ। ਲੋਕਾਂ ਨੂੰ ਪਤਾ ਹੀ ਨਹੀਂ ਸੀ ਕਿ ਅੱਗੇ ਰੋਡ ਬੰਦ ਹੈ। ਘੰਟਿਆਂ ਤੱਕ ਰੋਡ ਵਨ ਵੇ ਰਹਿਣ ਕਾਰਨ ਕਿਸੇ ਵੇਲੇ ਵੀ ਵੱਡਾ ਹਾਦਸਾ ਵਾਪਰ ਸਕਦਾ ਸੀ।

ਇਲਾਕਾ ਵਾਸੀਆਂ ਨੇ ਇਹ ਵੀ ਕਿਹਾ ਕਿ ਓਵਰਲੋਡ ਟਰੈਕਟਰ ਨੇ ਨਾ ਸਿਰਫ਼ ਰੇਲਿੰਗ ਤੋੜੀ ਹੈ, ਸਗੋਂ ਨੈਸ਼ਨਲ ਹਾਈਵੇ ਦਾ ਵੀ ਨੁਕਸਾਨ ਕੀਤਾ ਹੈ। ਇਸ ਲਈ ਪ੍ਰਸ਼ਾਸਨ ਨੂੰ ਤੁਰੰਤ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ ਤਾਂ ਜੋ ਭਵਿੱਖ ਵਿੱਚ ਅਜਿਹੇ ਹਾਦਸਿਆਂ ਨੂੰ ਰੋਕਿਆ ਜਾ ਸਕੇ।

ਉੱਚੇ ਦਰਖਤਾਂ ਦੀ ਛੰਗਾਈ ਅਤੇ ਪਾਰਕਾਂ ਵਿੱਚ ਟੁੱਟੇ ਜਿੰਮਾਂ ਦੀ ਮੁਰਮੰਤ ਕਰਨ ਦੀ ਮੰਗ

ਕੌਂਸਲਰ ਪਰਮਜੀਤ ਸਿੰਘ ਕਾਹਲੋਂ ਨੇ ਮੇਅਰ ਨੂੰ ਪੱਤਰ ਲਿਖਿਆ

ਐਸ ਏ ਐਸ ਨਗਰ, 18 ਨਵੰਬਰ
(ਪੈ.ਗਾਮ-ਏ-ਜਗਤ)

ਵਾਰਡ ਨੰਬਰ 10 ਤੋਂ ਕੌਂਸਲਰ ਸ੍ਰ. ਪਰਮਜੀਤ ਸਿੰਘ ਕਾਹਲੋਂ ਨੇ ਨਗਰ ਨਿਗਮ ਦੇ ਮੇਅਰ ਸ੍ਰ. ਸਰਬਜੀਤ ਸਿੰਘ ਸਮਾਣਾ ਨੂੰ ਪੱਤਰ ਲਿਖ ਕੇ ਸ਼ਹਿਰ ਦੇ ਵੱਖ-ਵੱਖ ਪਾਰਕਾਂ ਦੇ ਜਿੰਮ ਰਿਪੇਅਰ ਕਰਨ ਅਤੇ ਉੱਚੇ ਦਰਖਤਾਂ ਨੂੰ ਕਟਵਾਉਣ ਦੀ ਮੰਗ ਕੀਤੀ ਹੈ। ਉਹਨਾਂ ਆਪਣੇ ਪੱਤਰ ਵਿੱਚ ਲਿਖਿਆ ਕੀ ਸ਼ਹਿਰ ਅੰਦਰ ਵੱਖ-ਵੱਖ ਪਾਰਕਾਂ ਵਿੱਚ ਜਿਆਦਾਤਰ ਜਿੰਮ ਛੇ ਸਾਲ ਤੋਂ ਜਿਆਦਾ ਪੁਰਾਣੇ ਹਨ ਜਿਨ੍ਹਾਂ ਨੂੰ ਤੁਰੰਤ ਰਿਪੇਅਰ ਕਰਨ ਦੀ ਲੋੜ ਹੈ ਤਾਂ ਜੋ ਸ਼ਹਿਰ ਵਾਸੀ ਇਹਨਾਂ ਦਾ ਲਾਭ ਲੈ ਸਕਣ।

ਉਹਨਾਂ ਅੱਗੇ ਲਿਖਿਆ ਕਿ ਸ਼ਹਿਰ ਅੰਦਰ ਬਹੁਤ ਜਿਆਦਾ ਉੱਚੇ ਹੋ ਚੁੱਕੇ ਦਰਖਤ ਲੋਕਾਂ ਦੀ ਜਾਨ ਮਾਲ ਲਈ ਖਤਰਾ ਬਣ ਰਹੇ ਹਨ ਜਿਸ ਕਾਰਨ ਕਈ ਵਾਰ ਗੱਡੀਆਂ ਅਤੇ ਬਿਜਲੀ ਦੇ ਖੰਭਿਆਂ ਅਤੇ ਤਾਰਾਂ ਦਾ ਨੁਕਸਾਨ ਵੀ ਹੋ ਚੁੱਕਾ ਹੈ। ਉਹਨਾਂ ਮੰਗ ਕੀਤੀ ਕਿ ਕੇਂਦਰ ਦੇ ਵਾਤਾਵਰਣ ਮਹਿਕਮਾ ਅਤੇ ਐਨਜੀਟੀ ਨਾਲ ਸੰਪਰਕ ਕਰਕੇ ਇਹਨਾਂ ਦਰਖਤਾਂ ਨੂੰ ਉਪਰੋ ਕਟਵਾਉਣ ਅਤੇ ਸਿਉਂਕ ਲੱਗੇ ਦਰਖਤਾਂ ਨੂੰ ਜੜ੍ਹੋਂ ਕਟਵਾ ਕੇ ਉਚਾਈ ਵਾਲੇ ਦਰਖਤ ਲਗਾਏ ਜਾਣ।

ਰਾਜੇਸ਼ ਚੱਢਾ ਨੇ ਬੀ.ਡੀ.ਪੀ.ਉ. ਨਵਾਂਸ਼ਹਿਰ ਦਾ ਅਹੁਦਾ ਸੰਭਾਲਿਆ

ਪੈ.ਗਾਮ-ਏ-ਜਗਤ/ਨਵਾਂਸ਼ਹਿਰ (ਦੇਸ ਰਾਜ ਬਾਲੀ)



ਰਾਜੇਸ਼ ਚੱਢਾ ਨੇ ਅੱਜ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਨਵਾਂਸ਼ਹਿਰ ਦਾ ਅਹੁਦਾ ਸੰਭਾਲਿਆ ਲਿਆ ਹੈ। ਉਹ ਇਸ ਤੋਂ ਪਹਿਲਾਂ ਖੰਨਾ ਵਿਖੇ ਆਪਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ। ਅਹੁਦਾ ਸੰਭਾਲਣ ਸਮੇਂ ਪੂਰੇ ਦਫ਼ਤਰੀ ਸਟਾਫ ਵਲੋਂ ਉਨ੍ਹਾਂ ਨੂੰ ਗੁਲਦਸਤੇ ਭੇਟ ਕਰਕੇ ਨਿੱਘੀ ਜੀ ਆਇਆਂ ਆਖਿਆ ਗਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਉਹ ਪਹਿਲਾਂ ਵੀ ਲੰਬਾ ਸਮਾਂ ਬਤੌਰ ਬਲਾਕ ਵਿਕਾਸ ਅਤੇ ਪੰਚਾਇਤ ਆਪਣੀਆਂ ਸੇਵਾਵਾਂ ਨਿਭਾਈਆਂ ਹਨ। ਹੁਣ ਵਾਪਸ ਇੱਥੇ ਆ ਕੇ ਘਰ ਵਾਂਗ ਲੱਗ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਦਫ਼ਤਰੀ ਅਮਲੇ ਨੂੰ ਨਾਲ ਲੈ ਕੇ ਜ਼ਿਲ੍ਹਾ ਪ੍ਰਸ਼ਾਸਨ, ਪਿੰਡਾਂ ਦੇ ਸਰਪੰਚਾਂ, ਪੰਚਾਂ ਦੇ ਸਹਿਯੋਗ ਨਾਲ ਬਲਾਕ ਨਵਾਂਸ਼ਹਿਰ ਦੇ ਪਿੰਡਾਂ ਦੇ ਵਿਕਾਸ ਕਾਰਜਾਂ ਵਿੱਚ ਆਪਣਾ ਬਣਦਾ ਰੋਲ ਅਦਾ ਕਰਨਗੇ। ਉਨ੍ਹਾਂ ਕਿ ਸ਼ਹੀਦ ਏ ਆਜ਼ਮ ਸ ਭਗਤ ਸਿੰਘ ਦੀ ਜਨਮ ਭੂਮੀ ਨਾਲ ਸਬੰਧਿਤ ਜ਼ਿਲ੍ਹੇ ਵਿਚ ਇਕ ਵਾਰ ਫਿਰ ਸੇਵਾਵਾਂ ਨਿਭਾਉਣ ਦਾ ਇਕ ਵੱਖਰਾ ਸੁਕੂਨ ਹੈ। ਇਸ ਮੌਕੇ ਦਫ਼ਤਰੀ ਸਟਾਫ਼, ਵੱਖ ਵੱਖ ਪਿੰਡਾਂ ਦੇ ਸਰਪੰਚਾਂ ਅਤੇ ਪੰਚਾਂ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਰਹੇ।

ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਦੇ ਵਿਦਿਆਰਥੀਆਂ ਦਾ ਖੇਤਰੀ ਯੁਵਕ ਤੇ ਵਿਰਾਸਤੀ ਮੇਲੇ 'ਚ ਸ਼ਾਨਦਾਰ ਪ੍ਰਦਰਸ਼ਨ

ਪੈ.ਗਾਮ-ਏ-ਜਗਤ
ਗੜ੍ਹਸ਼ੰਕਰ (ਹਰੀ ਕ੍ਰਿਸ਼ਨ ਗੰਗੜ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ

ਨਕਲ-ਮੁਕਤ ਪ੍ਰੀਖਿਆਵਾਂ ਲਈ PSEB ਅਤੇ ਐਫੀਲੀਏਟਡ ਸਕੂਲਾਂ ਦੀਆਂ ਅੱਠ ਜੱਥੇਬੰਦੀਆਂ ਵੱਲੋਂ ਸਾਂਝਾ ਪ੍ਰਣ; ਸਕੂਲਾਂ ਵਿੱਚ ਚਲਾਈ ਜਾਵੇਗੀ ਜਾਗਰੂਕਤਾ ਮੁਹਿੰਮ

ਐਸ.ਏ.ਐਸ. ਨਗਰ, 18 ਨਵੰਬਰ (ਪੈ.ਗਾਮ-ਏ-ਜਗਤ)

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸੂਬੇ ਵਿੱਚ ਨਕਲ-ਮੁਕਤ, ਨਿਰਪੱਖ ਅਤੇ ਪਾਰਦਰਸ਼ੀ ਪ੍ਰੀਖਿਆ ਪ੍ਰਣਾਲੀ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਐਫੀਲੀਏਟਡ ਸਕੂਲਾਂ ਦੀਆਂ ਦੀਆਂ ਅੱਠ ਜੱਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਸਾਰੀਆਂ ਅੱਠ ਜੱਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਇਹ ਪ੍ਰਣ ਲਿਆ ਗਿਆ ਕਿ ਉਹ ਸਕੂਲਾਂ ਵਿੱਚ ਨਕਲ ਦੀ ਪ੍ਰਥਾ ਨੂੰ ਰੋਕਣ, ਵਿਦਿਆਰਥੀਆਂ ਨੂੰ ਇਮਾਨਦਾਰੀ ਨਾਲ ਪ੍ਰੀਖਿਆਵਾਂ ਦੇਣ ਲਈ ਪ੍ਰੇਰਿਤ ਕਰਨ ਅਤੇ ਨਕਲ-ਮੁਕਤ ਪ੍ਰੀਖਿਆਵਾਂ ਦੇ ਉਦੇਸ਼ ਨੂੰ ਸਫਲ ਬਣਾਉਣ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਪੂਰਨ ਸਹਿਯੋਗ ਦੇਣਗੀਆਂ।

ਇਸ ਮੌਕੇ ਬੋਰਡ ਦੇ ਚੇਅਰਮੈਨ ਡਾ. ਅਮਰਪਾਲ ਸਿੰਘ, ਆਈ. ਏ. ਐੱਸ (ਰਿਟਾ.) ਨੇ ਕਿਹਾ ਕਿ ਨਕਲ ਦੀ ਸਮੱਸਿਆ ਦਾ ਹੱਲ ਸਿਰਫ਼ ਪ੍ਰੀਖਿਆ ਕੇਂਦਰਾਂ ਵਿੱਚ ਸਖ਼ਤ ਨਿਗਰਾਨੀ ਜਾਂ ਨਿਯਮ ਲਾਗੂ ਕਰਨ ਨਾਲ ਨਹੀਂ ਹੋ ਸਕਦਾ, ਸਗੋਂ ਇਸ ਲਈ ਸਕੂਲ ਪ੍ਰਬੰਧਕਾਂ, ਪ੍ਰਿੰਸੀਪਲਾਂ, ਅਧਿਆਪਕਾਂ, ਵਿਦਿਆਰਥੀਆਂ ਅਤੇ ਮਾਪਿਆਂ ਦੀ ਸਾਂਝੀ ਜ਼ਿੰਮੇਵਾਰੀ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਬੋਰਡ ਵੱਲੋਂ ਨਕਲ ਰੋਕਣ ਲਈ ਪ੍ਰਬੰਧਕੀ ਅਤੇ supervisory ਸਿਸਟਮ ਪਹਿਲਾਂ ਹੀ ਸਥਾਪਿਤ ਕੀਤਾ ਗਿਆ ਹੈ, ਪਰ ਇਸ ਪ੍ਰਣਾਲੀ ਨੂੰ ਜ਼ਮੀਨੀ ਪੱਧਰ ਤੇ ਵਧੀਆ ਤਰੀਕੇ ਨਾਲ ਲਾਗੂ ਕਰਨਾ ਸਕੂਲਾਂ ਅਤੇ ਪ੍ਰੀਖਿਆ ਕੇਂਦਰਾਂ ਦੀ ਵੀ ਬਹੁਤ ਵੱਡੀ ਜ਼ਿੰਮੇਵਾਰੀ ਹੈ।

- **ਨਕਲ ਨੂੰ ਠੱਲ੍ਹ ਪਾਉਣ ਲਈ PSEB ਦਾ ਵੱਡਾ ਉਪਰਾਲਾ; ਅੱਠ ਜੱਥੇਬੰਦੀਆਂ ਵੱਲੋਂ ਇਮਾਨਦਾਰ ਪ੍ਰੀਖਿਆ ਪ੍ਰਣਾਲੀ ਲਈ ਸਹਿਯੋਗ ਦਾ ਭਰੋਸਾ**

ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਇਹ ਸਮਝਾਉਣ ਦੀ ਜ਼ਰੂਰਤ ਹੈ ਕਿ ਅਸਲ ਸਫਲਤਾ ਨਕਲ ਰਾਹੀਂ ਪ੍ਰਾਪਤ ਕੀਤੇ ਅੰਕਾਂ ਵਿੱਚ ਨਹੀਂ, ਸਗੋਂ ਆਪਣੀ ਮਿਹਨਤ, ਗਿਆਨ ਅਤੇ ਯੋਗਤਾ ਨਾਲ ਹਾਸਲ ਕੀਤੇ ਨਤੀਜਿਆਂ ਵਿੱਚ ਹੈ। ਇਸ ਦੇ ਨਾਲ ਹੀ ਮਾਪਿਆਂ ਦੀ ਸੋਚ ਵਿੱਚ ਤਬਦੀਲੀ ਲਿਆਉਣਾ ਵੀ ਬਹੁਤ ਜ਼ਰੂਰੀ ਹੈ, ਤਾਂ ਜੋ ਉਹ ਬੱਚਿਆਂ ਤੇ ਸਿਰਫ਼ ਵਧੇਰੇ ਅੰਕ ਪ੍ਰਾਪਤ ਕਰਨ ਦਾ ਦਬਾਅ ਪਾਉਣ ਦੀ ਬਜਾਏ ਉਨ੍ਹਾਂ ਨੂੰ ਇਮਾਨਦਾਰੀ ਅਤੇ ਮਿਹਨਤ ਦੇ ਰਾਹ ਤੇ ਚੱਲਣ ਲਈ ਉਤਸ਼ਾਹਿਤ ਕਰਨ।

ਮੀਟਿੰਗ ਦੌਰਾਨ ਅਧਿਆਪਕਾਂ ਦੀ professional ਸਮਰੱਥਾ ਵਧਾਉਣ ਲਈ ਅਤੇ ਵਿੱਦਿਆਰਥੀਆਂ ਦੀ hand holding ਲਈ Continuous Professional Development (CPD) ਪ੍ਰੋਗਰਾਮਾਂ ਦੀ ਮਹੱਤਤਾ ਤੇ ਵੀ ਚਰਚਾ ਕੀਤੀ ਗਈ। ਚੇਅਰਮੈਨ ਨੇ ਦੱਸਿਆ ਕਿ ਬੋਰਡ ਵੱਲੋਂ ਅਧਿਆਪਕਾਂ ਅਤੇ ਸਕੂਲ ਮੁਖੀਆਂ ਦੀ ਸਮਰੱਥਾ ਵਧਾਉਣ ਲਈ ਲਗਾਤਾਰ ਟ੍ਰੇਨਿੰਗ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਇਨ੍ਹਾਂ ਪ੍ਰੋਗਰਾਮਾਂ ਨੂੰ ਸੂਬੇ ਦੇ ਵੱਖ-ਵੱਖ ਖੇਤਰਾਂ ਵਿੱਚ ਜ਼ੋਨ ਪੱਧਰ 'ਤੇ ਕਰਵਾਉਣ ਦੀ ਯੋਜਨਾ ਵੀ ਵਿਚਾਰ ਅਧੀਨ ਹੈ, ਤਾਂ ਜੋ ਅਧਿਆਪਕਾਂ ਨੂੰ ਦੂਰ-ਦੁਰਾਡੇ ਤੋਂ ਬੋਰਡ ਦਫਤਰ ਵਿਖੇ ਆਉਣ ਦੀ ਬਜਾਏ ਸੁਵਿਧਾ ਅਨੁਸਾਰ ਆਪਣੇ ਨਜ਼ਦੀਕੀ ਜ਼ੋਨ ਵਿੱਚ ਹੀ ਟ੍ਰੇਨਿੰਗ ਦੀ ਸਹੂਲਤ ਮਿਲ ਸਕੇ ਅਤੇ ਉਨ੍ਹਾਂ ਦੇ ਸਮੇਂ ਤੇ ਖਰਚੇ ਦੀ ਬੱਚਤ ਹੋਵੇ।

ਚੇਅਰਮੈਨ ਨੇ ਦੱਸਿਆ ਕਿ ਬੋਰਡ ਵੱਲੋਂ ਸਕੂਲਾਂ ਦੇ ਕਈ ਕੰਮਾਂ ਨੂੰ ਆਨਲਾਈਨ ਕਰਨ ਦੀ ਦਿਸ਼ਾ ਵਿੱਚ ਕਦਮ ਚੁੱਕੇ ਜਾ ਰਹੇ ਹਨ, ਤਾਂ ਜੋ ਸਕੂਲਾਂ ਨੂੰ ਆਪਣੇ ਕੰਮਾਂ ਲਈ ਬੇਲੋੜੇ ਦਫ਼ਤਰੀ ਚੱਕਰ ਨਾ ਲਗਾਉਣੇ ਪੈਣ।

ਮੀਟਿੰਗ ਦੇ ਅੰਤ ਵਿੱਚ ਐਫੀਲੀਏਟਡ ਸਕੂਲਾਂ ਦੀਆਂ ਸਮੂਹ ਜੱਥੇਬੰਦੀਆਂ ਦੇ ਨੁਮਾਇੰਦਿਆਂ ਨੇ ਭਰੋਸਾ ਦਿੱਤਾ ਕਿ ਉਹ ਆਪਣੇ ਮੈਂਬਰ ਸਕੂਲਾਂ ਵਿੱਚ ਨਕਲ ਵਿਰੁੱਧ ਜਾਗਰੂਕਤਾ ਪੈਦਾ ਕਰਨਗੇ ਅਤੇ ਅਧਿਆਪਕਾਂ, ਵਿਦਿਆਰਥੀਆਂ ਤੇ ਮਾਪਿਆਂ ਨੂੰ ਇਸ ਮੁਹਿੰਮ ਨਾਲ ਜੋੜਨਗੇ। ਉਨ੍ਹਾਂ ਕਿਹਾ ਕਿ ਨਕਲ-ਮੁਕਤ ਪ੍ਰੀਖਿਆ ਪ੍ਰਣਾਲੀ ਸਿੱਖਿਆ ਦੀ ਗੁਣਵੱਤਾ ਅਤੇ ਵਿਦਿਆਰਥੀਆਂ ਦੇ ਭਵਿੱਖ ਲਈ ਬਹੁਤ ਜ਼ਰੂਰੀ ਹੈ ਅਤੇ ਇਸ ਦਿਸ਼ਾ ਵਿੱਚ ਬੋਰਡ ਨਾਲ ਮਿਲ ਕੇ ਲਗਾਤਾਰ ਕੰਮ ਕੀਤਾ ਜਾਵੇਗਾ। ਚੇਅਰਮੈਨ ਨੇ ਸਾਰੀਆਂ ਜੱਥੇਬੰਦੀਆਂ ਦੇ ਸਹਿਯੋਗ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸਾਂਝਾ ਪ੍ਰਣ ਸਿਰਫ਼ ਇੱਕ ਮੀਟਿੰਗ ਤੱਕ ਸੀਮਿਤ ਨਹੀਂ ਰਹਿਣਾ ਚਾਹੀਦਾ, ਸਗੋਂ ਇਸ ਨੂੰ ਹਰ ਸਕੂਲ ਅਤੇ ਵਿੱਦਿਆਰਥੀ ਤੱਕ ਪਹੁੰਚਾ ਕੇ ਇੱਕ ਲੋਕ ਲਹਿਰ ਦਾ ਰੂਪ ਦਿੱਤਾ ਜਾਣਾ ਚਾਹੀਦਾ ਹੈ, ਤਾਂ ਜੋ ਪੰਜਾਬ ਤੇ ਪੰਜਾਬੀਅਤ ਨੂੰ ਬਚਾਇਆ ਜਾ ਸਕੇ ਅਤੇ ਇਮਾਨਦਾਰੀ, ਮਿਹਨਤ ਅਤੇ ਨੈਤਿਕ ਕਦਰਾਂ-ਕੀਮਤਾਂ ਤੇ ਆਧਾਰਿਤ ਸਿੱਖਿਆ ਪ੍ਰਣਾਲੀ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ।

ਜ਼ਿਲ੍ਹਾ ਖ਼ਜ਼ਾਨਾ ਦਫ਼ਤਰ ਨਵਾਂਸ਼ਹਿਰ, ਸਬ ਖਜਾਨਾ ਦਫਤਰ ਬੰਗਾ ਅਤੇ ਬਲਾਚੌਰ ਵਿਖੇ 19, 20 ਅਤੇ 21 ਨਵੰਬਰ 2026 ਨੂੰ ਲੱਗੇਗਾ 'ਪੈਨਸ਼ਨਰ ਸੇਵਾ ਮੇਲਾ'

ਪੈ.ਗਾਮ-ਏ-ਜਗਤ
ਨਵਾਂਸ਼ਹਿਰ, (ਦੇਸ ਰਾਜ ਬਾਲੀ)

ਪੰਜਾਬ ਸਰਕਾਰ ਦੇ ਵਿੱਤ ਵਿਭਾਗ (ਖ਼ਜ਼ਾਨਾ ਤੇ ਲੇਖਾ ਸ਼ਾਖਾ) ਵੱਲੋਂ ਰਾਜ ਦੇ ਪੈਨਸ਼ਨਰਾਂ ਅਤੇ ਫੈਮਿਲੀ ਪੈਨਸ਼ਨਰਾਂ ਦੀ ਸਹੂਲਤ ਲਈ 19, 20 ਅਤੇ 21 ਨਵੰਬਰ 2026 ਨੂੰ ਪੰਜਾਬ ਦੇ ਸਮੂਹ ਜ਼ਿਲ੍ਹਾ ਖ਼ਜ਼ਾਨਾ ਦਫ਼ਤਰਾਂ ਵਿਖੇ ਵਿਸ਼ੇਸ਼ ਪੈਨਸ਼ਨਰ ਸੇਵਾ ਮੇਲਾ ਆਯੋਜਿਤ ਕੀਤਾ ਜਾ ਰਿਹਾ ਹੈ।

ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਜਤਿੰਦਰ ਕੁਮਾਰ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਰਾਜ ਸਰਕਾਰ ਵੱਲੋਂ ਪੈਨਸ਼ਨਰਾਂ ਦੀ ਸਹੂਲਤ ਲਈ ਲਾਗੂ ਕੀਤੇ ਗਏ 'ਪੈਨਸ਼ਨ ਸੇਵਾ ਪੋਰਟਲ' (ਜਿਸ ਵਿੱਚ ਮਹੀਨਾਵਾਰ ਪੈਨਸ਼ਨ ਅਕਾਊਂਟਿੰਗ, ਈ-ਪੀ.ਪੀ.ਓ., ਸ਼ਿਕਾਇਤ ਨਿਵਾਰਨ ਅਤੇ ਜੀਵਨ ਪ੍ਰਮਾਣ ਪੱਤਰ ਦੀ ਇੰਟੀਗ੍ਰੇਸ਼ਨ ਵਰਗੀਆਂ ਸੁਵਿਧਾਵਾਂ ਉਪਲਬਧ ਹਨ) ਬਾਰੇ ਜਾਗਰੂਕਤਾ ਫੈਲਾਉਣ ਲਈ ਇਹ ਕੈਂਪ ਲਗਾਏ ਜਾ ਰਹੇ ਹਨ।

- **ਪੈਨਸ਼ਨਰਾਂ ਨੂੰ ਮੇਲਾ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ**



ਉਨ੍ਹਾਂ ਦੱਸਿਆ ਕਿ ਇਹ ਕੈਂਪ ਜ਼ਿਲ੍ਹਾ ਖ਼ਜ਼ਾਨਾ ਦਫ਼ਤਰ ਨਵਾਂਸ਼ਹਿਰ, ਸਬ ਖਜਾਨਾ ਦਫਤਰ ਬੰਗਾ ਅਤੇ ਬਲਾਚੌਰ ਵਿਖੇ 19, 20 ਅਤੇ 21 ਨਵੰਬਰ 2026 ਨੂੰ ਲਗਾਏ ਜਾਣਗੇ। ਉਨ੍ਹਾਂ ਦੱਸਿਆ ਕਿ ਸਮੂਹ ਪੈਨਸ਼ਨਰਾਂ ਅਤੇ ਫੈਮਿਲੀ ਪੈਨਸ਼ਨਰਾਂ ਲਈ 31 ਦਸੰਬਰ 2026 ਤੱਕ ਆਪਣਾ ਡਿਜੀਟਲ ਲਾਈਫ ਸਰਟੀਫਿਕੇਟ (ਜੀਵਨ ਪ੍ਰਮਾਣ ਪੱਤਰ ਰਾਹੀਂ) ਅਪਲੋਡ ਕਰਨ ਦੇ ਨਾਲ-ਨਾਲ e-KYC ਕਰਵਾਉਣਾ ਲਾਜ਼ਮੀ ਹੈ। ਇਸ ਟੀਚੇ ਨੂੰ ਸਮੇਂ ਸਿਰ ਪੂਰਾ ਕਰਨ ਲਈ ਲਗਾਏ ਜਾ ਰਹੇ ਇਨ੍ਹਾਂ ਮੇਲਿਆਂ ਦੌਰਾਨ ਖ਼ਜ਼ਾਨਾ ਦਫ਼ਤਰਾਂ ਦੇ ਅਧਿਕਾਰੀ/ਕਰਮਚਾਰੀ ਅਤੇ ਪੈਨਸ਼ਨ ਡਿਸਬਰਸਿੰਗ ਬੈਂਕਾਂ ਦੇ ਨੁਮਾਇੰਦੇ ਲੈਪਟਾਪ ਅਤੇ ਬਾਇਓਮੈਟ੍ਰਿਕ ਮਸ਼ੀਨਾਂ ਸਮੇਤ ਮੌਜੂਦ ਰਹਿਣਗੇ, ਤਾਂ ਜੋ ਮੌਕੇ 'ਤੇ ਹੀ ਪੈਨਸ਼ਨਰਾਂ ਦੀ e-KYC ਅਤੇ ਡਿਜੀਟਲ ਲਾਈਫ ਸਰਟੀਫਿਕੇਟ ਦੀ ਪ੍ਰਕਿਰਿਆ ਮੁਕੰਮਲ ਕੀਤੀ ਜਾ ਸਕੇ। ਸਮੂਹ ਪੈਨਸ਼ਨਰਾਂ ਅਤੇ ਫੈਮਿਲੀ ਪੈਨਸ਼ਨਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ 19, 20 ਅਤੇ 21 ਨਵੰਬਰ ਨੂੰ ਆਪਣੇ ਸਬੰਧਤ ਜ਼ਿਲ੍ਹਾ ਖ਼ਜ਼ਾਨਾ ਦਫ਼ਤਰ ਵਿਖੇ ਪਹੁੰਚ ਕੇ ਇਸ ਸਹੂਲਤ ਦਾ ਵੱਧ ਤੋਂ ਵੱਧ ਲਾਭ ਉਠਾਉਣ ਅਤੇ ਆਪਣੀ e-KYC ਤੇ ਜੀਵਨ ਪ੍ਰਮਾਣ ਪੱਤਰ ਦੀ ਪ੍ਰਕਿਰਿਆ ਕਰਵਾਉਣ। ਉਨ੍ਹਾਂ ਦੱਸਿਆ ਕਿ ਜਿਨਾਂ ਪੈਨਸ਼ਨਰਾਂ ਦੀ ਪਹਿਲਾਂ e-KYC ਹੋ ਚੁੱਕੀ ਹੈ, ਉਹਨਾਂ ਨੂੰ ਦੁਬਾਰਾ e-KYC ਕਰਵਾਉਣ ਦੀ ਜ਼ਰੂਰਤ ਨਹੀਂ ਹੈ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਸੈਨਿਕ ਬੋਰਡ ਦੀ ਤਿਮਾਹੀ ਮੀਟਿੰਗ ਦੌਰਾਨ ਸਾਬਕਾ ਸੈਨਿਕਾਂ ਅਤੇ ਵਿਧਵਾਵਾਂ ਨੂੰ ਵੰਡੇ ਮਾਲੀ ਸਹਾਇਤਾ ਦੇ ਚੈੱਕ

ਪੈ.ਗਾਮ-ਏ-ਜਗਤ
ਨਵਾਂਸ਼ਹਿਰ, (ਦੇਸ ਰਾਜ ਬਾਲੀ)

ਡਿਪਟੀ ਕਮਿਸ਼ਨਰ ਸ੍ਰੀ ਗੁਲਪ੍ਰੀਤ ਸਿੰਘ ਔਲਖ, ਆਈ.ਏ.ਐਸ. ਦੀ ਪ੍ਰਧਾਨਗੀ ਹੇਠ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹਾ ਸੈਨਿਕ ਬੋਰਡ ਦੀ ਤਿਮਾਹੀ ਮੀਟਿੰਗ ਹੋਈ। ਮੀਟਿੰਗ ਦੌਰਾਨ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ

- **ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਸਾਬਕਾ ਸੈਨਿਕਾਂ ਦੀ ਭਲਾਈ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਲਿਆ ਜਾਇਜ਼ਾ**



ਆਸ਼ਰਿਤਾਂ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਅਤੇ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਵਿੰਗ ਕਮਾਂਡਰ (ਰਿਟਾ.) ਅਮਨਪ੍ਰੀਤ ਕੌਰ, ਡਿਪਟੀ ਡਾਇਰੈਕਟਰ, ਜ਼ਿਲ੍ਹਾ ਸੈਨਿਕ ਬੋਰਡ ਨੇ ਬੋਰਡ ਵੱਲੋਂ ਹੁਣ ਤੱਕ ਵੰਡੀਆਂ ਗਈਆਂ ਗ੍ਰਾਂਟਾਂ ਅਤੇ ਕੀਤੇ ਗਏ ਹੋਰ ਭਲਾਈ ਕਾਰਜਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਲਈ ਚਲਾਈਆਂ ਜਾ ਰਹੀਆਂ ਵੱਖ-ਵੱਖ ਭਲਾਈ ਸਕੀਮਾਂ ਬਾਰੇ ਵੀ ਜਾਣੂ ਕਰਵਾਇਆ।

ਉਨ੍ਹਾਂ ਦੱਸਿਆ ਕਿ ਆਰਮਡ ਫੋਰਸਿਜ਼ ਫਲੈਗ ਡੇਅ ਫੰਡ ਵਿੱਚ ਵੱਧ ਤੋਂ ਵੱਧ ਯੋਗਦਾਨ ਇਕੱਠਾ ਕਰਨ ਲਈ ਜ਼ਿਲ੍ਹਾ ਸੈਨਿਕ ਬੋਰਡ ਵੱਲੋਂ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ ਸੈਨਿਕ ਸਦਨ ਨਵਾਂ ਸ਼ਹਿਰ ਦੀ ਨਵੀਂ ਇਮਾਰਤ ਦੀ ਉਸਾਰੀ ਸਬੰਧੀ ਮੌਜੂਦਾ ਸਥਿਤੀ ਬਾਰੇ ਵੀ ਮੀਟਿੰਗ ਵਿੱਚ ਜਾਣਕਾਰੀ ਸਾਂਝੀ ਕੀਤੀ ਗਈ। ਮੀਟਿੰਗ ਦੌਰਾਨ ਜ਼ਿਲ੍ਹਾ ਸੈਨਿਕ ਬੋਰਡ ਵੱਲੋਂ ਲੋੜਵੰਦ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਰਾਹਤ ਪ੍ਰਦਾਨ ਕਰਦਿਆਂ ਇੱਕ ਗੈਰ-ਪੈਨਸ਼ਨਰ ਸਾਬਕਾ ਸੈਨਿਕ ਨੂੰ 20,000 ਰੁਪਏ ਦੀ ਮਾਲੀ ਸਹਾਇਤਾ ਦਾ ਚੈੱਕ ਦਿੱਤਾ ਗਿਆ। ਇਸੇ ਤਰ੍ਹਾਂ ਚਾਰ ਸਾਬਕਾ ਸੈਨਿਕਾਂ/ ਵਿਧਵਾਵਾਂ ਨੂੰ ਪ੍ਰਤੀ ਕੇਸ 5,000 ਰੁਪਏ ਦੇ ਹਿਸਾਬ ਨਾਲ ਮਾਲੀ ਸਹਾਇਤਾ ਦੇ ਚੈੱਕ ਵੰਡੇ ਗਏ। ਡਿਪਟੀ ਕਮਿਸ਼ਨਰ ਨੇ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਲਾਭ ਯੋਗ ਲਾਭਪਾਤਰੀਆਂ ਤੱਕ ਪਹੁੰਚਾਉਣ ਅਤੇ ਲੋੜਵੰਦਾਂ ਦੀ ਮਦਦ ਲਈ ਲਗਾਤਾਰ ਯਤਨ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਸ਼ਹੀਦ ਭਗਤ ਸਿੰਘ ਫੁੱਟਬਾਲ ਕਲੱਬ ਗੜ੍ਹਸ਼ੰਕਰ ਖੇਡਾਂ ਦੇ ਪ੍ਰਚਾਰ ਦੇ ਨਾਲ ਨੌਜਵਾਨਾਂ ਨੂੰ ਆਰਮੀ ਭਰਤੀ ਲਈ ਕਰ ਰਿਹਾ ਤਿਆਰ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਨਾਮ ਨੂੰ ਸਮਰਪਿਤ ਸ਼ਹੀਦ ਏ ਆਜ਼ਮ ਸ. ਭਗਤ ਸਿੰਘ ਫੁੱਟਬਾਲ ਕਲੱਬ (ਰਜਿ.) ਗੜ੍ਹਸ਼ੰਕਰ ਖੇਡਾਂ ਦੇ ਪ੍ਰਚਾਰ ਅਤੇ ਨੌਜਵਾਨ ਪੀੜ੍ਹੀ ਨੂੰ ਸਹੀ ਦਿਸ਼ਾ ਦੇਣ ਲਈ ਅਹਿਮ ਭੂਮਿਕਾ ਨਿਭਾ ਰਿਹਾ ਹੈ। ਕਲੱਬ ਵੱਲੋਂ ਸਮੇਂ-ਸਮੇਂ 'ਤੇ ਫੁੱਟਬਾਲ ਟੂਰਨਾਮੈਂਟ ਕਰਵਾਉਣ ਦੇ ਨਾਲ-ਨਾਲ ਬੱਚਿਆਂ ਅਤੇ ਨੌਜਵਾਨਾਂ ਨੂੰ ਭਾਰਤੀ ਫੌਜ ਵਿੱਚ ਭਰਤੀ ਹੋਣ ਲਈ ਸਰੀਰਕ ਸਿਖਲਾਈ ਵੀ ਦਿੱਤੀ ਜਾਂਦੀ ਹੈ।

ਇਸ ਸਬੰਧੀ ਕਲੱਬ ਦੇ ਪ੍ਰਧਾਨ ਐਡਵੋਕੇਟ ਜਸਵੀਰ ਸਿੰਘ ਰਾਏ ਨਾਲ ਵਿਸ਼ੇਸ਼ ਗੱਲਬਾਤ ਕੀਤੀ ਗਈ, ਜਿਸ ਦੌਰਾਨ ਉਨ੍ਹਾਂ ਨੇ ਕਲੱਬ ਦੀਆਂ ਗਤੀਵਿਧੀਆਂ ਅਤੇ ਸਮਾਜ ਪ੍ਰਤੀ ਜ਼ਿੰਮੇਵਾਰੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਉਨ੍ਹਾਂ ਦੱਸਿਆ ਕਿ ਕਲੱਬ ਦਾ

- **ਟੂਰਨਾਮੈਂਟਾਂ ਰਾਹੀਂ ਉਭਰਦੀਆਂ ਖੇਡ ਪ੍ਰਤਿਭਾਵਾਂ ਨੂੰ ਮੰਚ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਸੰਦੇਸ਼ : ਐਡਵੋਕੇਟ ਜਸਵੀਰ ਸਿੰਘ ਰਾਏ**



ਮੁੱਖ ਮਕਸਦ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਾ, ਉਨ੍ਹਾਂ ਦੀ ਸਰੀਰਕ ਤੰਦਰੁਸਤੀ ਨੂੰ ਉਤਸ਼ਾਹਿਤ ਕਰਨਾ ਅਤੇ ਉਨ੍ਹਾਂ ਵਿੱਚ ਅਨੁਸ਼ਾਸਨ ਤੇ ਟੀਮ ਭਾਵਨਾ ਪੈਦਾ ਕਰਨਾ ਹੈ। ਕਲੱਬ ਵੱਲੋਂ ਕਰਵਾਏ ਜਾਂਦੇ ਫੁੱਟਬਾਲ ਟੂਰਨਾਮੈਂਟਾਂ ਵਿੱਚ ਵੱਖ-ਵੱਖ ਇਲਾਕਿਆਂ ਦੀਆਂ ਟੀਮਾਂ ਹਿੱਸਾ ਲੈਂਦੀਆਂ ਹਨ, ਜਿਸ ਨਾਲ ਉਭਰਦੇ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਮਿਲਦਾ ਹੈ।

ਉਨ੍ਹਾਂ ਕਿਹਾ ਕਿ ਕਲੱਬ ਵੱਲੋਂ ਆਰਮੀ ਵਿੱਚ ਭਰਤੀ ਹੋਣ ਦੇ ਚਾਹਵਾਨ ਬੱਚਿਆਂ ਅਤੇ ਨੌਜਵਾਨਾਂ ਨੂੰ ਦੌੜ, ਕਸਰਤ ਅਤੇ ਹੋਰ ਸਰੀਰਕ ਗਤੀਵਿਧੀਆਂ ਦੀ ਸਿਖਲਾਈ ਦੇਣ ਦਾ ਉਪਰਾਲਾ ਵੀ ਕੀਤਾ ਜਾ ਰਿਹਾ ਹੈ, ਤਾਂ ਜੋ ਉਹ ਦੇਸ਼ ਦੀ ਸੇਵਾ ਕਰਨ ਦੇ ਆਪਣੇ ਸੁਪਨੇ ਨੂੰ ਸਾਕਾਰ ਕਰ ਸਕਣ।

ਐਡਵੋਕੇਟ ਰਾਏ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਅਤੇ ਸਿਹਤਮੰਦ ਗਤੀਵਿਧੀਆਂ ਨਾਲ ਜੁੜਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਖੇਡਾਂ ਨੌਜਵਾਨਾਂ ਦੀ ਊਰਜਾ ਨੂੰ ਸਹੀ ਦਿਸ਼ਾ ਦੇਣ ਦੇ ਨਾਲ ਉਨ੍ਹਾਂ ਵਿੱਚ ਆਤਮ-ਵਿਸ਼ਵਾਸ, ਮਿਹਨਤ ਅਤੇ ਜ਼ਿੰਮੇਵਾਰੀ ਦੀ ਭਾਵਨਾ

ਸੁਨਾਮ ਹਲਕੇ ਦੀਆਂ ਦਹਾਕਿਆਂ ਪੁਰਾਣੀਆਂ ਮੰਗਾਂ ਨੂੰ ਸਾਢੇ ਚਾਰ ਸਾਲਾਂ ਵਿੱਚ ਅਮਲੀ ਰੂਪ ਦਿੱਤਾ : ਅਮਨ ਅਰੋੜਾ

ਸੁਨਾਮ, 18 ਨਵੰਬਰ (ਪੈ.ਗਾਮ-ਏ-ਜਗਤ)

- **ਸਿਵਲ ਹਸਪਤਾਲ ਵਿੱਚ ਟਰਾਮਾ ਸੈਂਟਰ ਸਮੇਤ ਨਵੀਆਂ ਸਿਹਤ ਸਹੂਲਤਾਂ ਵਿਕਸਤ; ਸਕੂਲਾਂ ਅਤੇ ਸਿੰਚਾਈ ਪ੍ਰਬੰਧਾਂ ਵਿੱਚ ਵੀ ਵੱਡੇ ਸੁਧਾਰ**

ਪੰਜਾਬ ਦੇ ਕੈਬਨਿਟ ਮੰਤਰੀ ਅਤੇ ਸੁਨਾਮ ਤੋਂ ਵਿਧਾਇਕ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੁਨਾਮ ਹਲਕੇ ਦੀਆਂ ਕਈ ਦਹਾਕਿਆਂ ਤੋਂ ਲਟਕਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਸਿਹਤ, ਸਿੱਖਿਆ, ਸਿੰਚਾਈ ਅਤੇ ਬੁਨਿਆਦੀ ਢਾਂਚੇ ਦੇ ਖੇਤਰਾਂ ਵਿੱਚ ਕੰਮ ਕੀਤਾ ਹੈ। ਮੀਡੀਆ ਨਾਲ ਗੱਲਬਾਤ ਦੌਰਾਨ ਆਪਣੇ ਕਾਰਜਕਾਲ ਦਾ ਲੇਖਾ-ਜੋਖਾ ਪੇਸ਼ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਦਾ ਧਿਆਨ ਐਲਾਨਾਂ ਦੀ ਥਾਂ ਲੋਕਾਂ ਨੂੰ ਕੰਮਾਂ ਦਾ ਲਾਭ ਪਹੁੰਚਾਉਣ 'ਤੇ ਰਿਹਾ ਹੈ।

ਅਮਨ ਅਰੋੜਾ ਨੇ ਦੱਸਿਆ ਕਿ ਹਲਕੇ ਵਿੱਚ ਪਾਣੀ ਦੀਆਂ ਅੰਡਰਗ੍ਰਾਊਂਡ ਪਾਈਪਲਾਈਨਾਂ ਵਿਛਾਉਣ ਦੇ ਨਾਲ ਸੁਨਾਮ, ਚੀਮਾ ਅਤੇ ਲੌਂਗੋਵਾਲ ਵਿੱਚ ਸ਼ਮਸ਼ਾਨਘਾਟਾਂ ਅਤੇ ਹਸਪਤਾਲਾਂ ਦੇ ਨਵੀਨੀਕਰਨ ਦੇ ਕੰਮ ਕੀਤੇ ਗਏ ਹਨ। ਸੁਨਾਮ ਸ਼ਹਿਰ ਵਿੱਚ ਸੀਵਰੇਜ ਪ੍ਰਣਾਲੀ ਦਾ ਕੰਮ ਜਾਰੀ ਹੈ ਅਤੇ ਨਵਾਂ ਬੱਸ ਸਟੈਂਡ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰੇਲਵੇ ਰੋਡ ਨੂੰ ਚੌੜਾ ਕਰਨ ਨਾਲ ਆਵਾਜਾਈ ਸੁਖਾਲੀ ਹੋਈ ਹੈ, ਜਦਕਿ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਵਿਖੇ 22 ਕਰੋੜ ਰੁਪਏ ਦੀ ਲਾਗਤ ਨਾਲ ਯਾਦਗਾਰੀ ਸਮਾਰਕ ਦੀ ਉਸਾਰੀ ਚੱਲ ਰਹੀ ਹੈ।

ਸਿਹਤ ਸਹੂਲਤਾਂ ਬਾਰੇ ਉਨ੍ਹਾਂ ਕਿਹਾ ਕਿ ਸਿਵਲ ਹਸਪਤਾਲ ਸੁਨਾਮ ਵਿਖੇ ਟਰਾਮਾ ਸੈਂਟਰ, ਬਲੱਡ ਬੈਂਕ, ਜੱਚਾ-ਬੱਚਾ ਸੰਭਾਲ ਹਸਪਤਾਲ, ਦਵਾਈਆਂ ਦਾ ਵੇਅਰਹਾਊਸ ਅਤੇ ਨਵਾਂ ਓ.ਪੀ.ਡੀ. ਬਲਾਕ ਵਰਗੀਆਂ ਸਹੂਲਤਾਂ ਵਿਕਸਤ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਪ੍ਰਬੰਧਾਂ ਦਾ ਮਕਸਦ ਮਰੀਜ਼ਾਂ ਨੂੰ ਆਪਣੇ ਇਲਾਕੇ ਵਿੱਚ ਹੀ ਬਿਹਤਰ ਇਲਾਜ ਮੁਹੱਈਆ ਕਰਵਾਉਣਾ ਹੈ।



ਟਰਾਮਾ ਸੈਂਟਰ ਬਾਰੇ ਵਿਰੋਧੀ ਧਿਰ ਦੀ ਆਲੋਚਨਾ ਦਾ ਜਵਾਬ ਦਿੰਦਿਆਂ ਅਮਨ ਅਰੋੜਾ ਨੇ ਕਿਹਾ ਕਿ ਕਿਸੇ ਨਵੀਂ ਸਹੂਲਤ ਦੇ ਸ਼ੁਰੂ ਹੋਣ ਦੇ ਕੁਝ ਮਹੀਨਿਆਂ ਅੰਦਰ ਹੀ ਉਸ ਨੂੰ 'ਰੈਫਰ ਸੈਂਟਰ' ਕਹਿ ਦੇਣਾ ਠੀਕ ਨਹੀਂ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਲੰਮੇ ਸਮੇਂ ਤੋਂ ਚੱਲੀਆਂ ਆ ਰਹੀਆਂ ਲੋੜਾਂ ਨੂੰ ਪੂਰਾ ਕਰਨ ਲਈ ਸ਼ੁਰੂ ਕੀਤੇ ਪ੍ਰੋਜੈਕਟਾਂ ਦਾ ਮੁਲਾਂਕਣ ਜ਼ਮੀਨੀ ਕੰਮ ਅਤੇ ਲੋਕਾਂ ਨੂੰ ਮਿਲ ਰਹੀਆਂ ਸੇਵਾਵਾਂ ਦੇ ਆਧਾਰ 'ਤੇ ਹੋਣਾ ਚਾਹੀਦਾ ਹੈ।

ਕਿਸਾਨਾਂ ਲਈ ਕੀਤੇ ਉਪਰਾਲਿਆਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਸਿੰਚਾਈ ਲਈ ਪਾਣੀ ਅਤੇ ਖੇਤੀਬਾੜੀ ਲਈ ਬਿਜਲੀ ਕਿਸਾਨਾਂ ਦੀਆਂ ਮੁੱਖ ਲੋੜਾਂ ਹਨ। ਉਨ੍ਹਾਂ ਦੱਸਿਆ ਕਿ ਨਹਿਰੀ ਪਾਣੀ ਨੂੰ ਟੇਲਾਂ ਤੱਕ ਪਹੁੰਚਾਉਣ ਅਤੇ ਕਿਸਾਨਾਂ ਨੂੰ ਲੋੜੀਂਦੀ ਬਿਜਲੀ ਮੁਹੱਈਆ ਕਰਵਾਉਣ ਲਈ ਕਦਮ ਚੁੱਕੇ ਗਏ ਹਨ। ਇਸ ਨਾਲ ਖੇਤਾਂ ਤੱਕ ਪਾਣੀ ਦੀ ਪਹੁੰਚ ਬਿਹਤਰ ਬਣਾਉਣ ਵਿੱਚ ਮਦਦ ਮਿਲੀ ਹੈ। ਸਿੱਖਿਆ ਖੇਤਰ ਬਾਰੇ ਕੈਬਨਿਟ ਮੰਤਰੀ ਨੇ ਦੱਸਿਆ ਕਿ ਹਲਕੇ ਵਿੱਚ ਸਕੂਲ ਆਫ਼ ਐਮੀਨੈਂਸ ਸਥਾਪਤ ਕੀਤੇ ਗਏ ਹਨ। ਸੁਨਾਮ ਦੇ ਲੜਕਿਆਂ ਅਤੇ ਲੜਕੀਆਂ ਦੇ ਸਕੂਲਾਂ ਦੇ ਨਾਲ ਲੌਂਗੋਵਾਲ ਦੇ ਸਕੂਲ ਵਿੱਚ ਵੀ ਸੁਧਾਰ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸਕੂਲਾਂ ਦੀਆਂ ਲੋੜਾਂ ਮੁਤਾਬਕ ਨਵੀਆਂ ਲੈਬਾਂ, ਵਾਧੂ ਕਮਰੇ, ਖੇਡ ਸਹੂਲਤਾਂ ਅਤੇ ਲੋੜੀਂਦਾ ਸਾਮਾਨ ਮੁਹੱਈਆ ਕਰਵਾਉਣ ਦਾ ਕੰਮ ਜਾਰੀ ਹੈ ਤਾਂ ਜੋ ਵਿਦਿਆਰਥੀਆਂ ਨੂੰ ਪੜ੍ਹਾਈ ਅਤੇ ਖੇਡਾਂ ਲਈ ਚੁੱਕਵਾਂ ਮਾਹੌਲ ਮਿਲੇ। ਭਵਿੱਖ ਦੇ ਪ੍ਰੋਜੈਕਟਾਂ ਸਬੰਧੀ ਸਵਾਲ ਦੇ ਜਵਾਬ ਵਿੱਚ ਅਮਨ ਅਰੋੜਾ ਨੇ ਕਿਹਾ ਕਿ ਕਿਸੇ ਕੰਮ ਦਾ ਐਲਾਨ ਕਰਨ ਤੋਂ ਪਹਿਲਾਂ ਉਸ ਦੀ ਵਿਭਾਗੀ ਪ੍ਰਕਿਰਿਆ ਅਤੇ ਲੋੜੀਂਦੀ ਤਿਆਰੀ ਪੂਰੀ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ, "ਸਾਡਾ ਵਿਸ਼ਵਾਸ ਸਿਰਫ਼ ਨੀਂਹ ਪੱਥਰ ਰੱਖਣ ਵਿੱਚ ਨਹੀਂ, ਸਗੋਂ ਕੰਮ ਨੂੰ ਜ਼ਮੀਨ 'ਤੇ ਲਿਆ ਕੇ ਮੁਕੰਮਲ ਕਰਨ ਵਿੱਚ ਹੈ।" ਉਨ੍ਹਾਂ ਮੀਡੀਆ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਹਲਕੇ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਜਾ ਕੇ ਵਿਕਾਸ ਕਾਰਜਾਂ ਬਾਰੇ ਲੋਕਾਂ ਤੋਂ ਸਿੱਧੀ ਜਾਣਕਾਰੀ ਲੈਣ।

ਦਿਵਿਆਂਗਜਨਾਂ ਦੇ ਯੂ.ਡੀ.ਆਈ.ਡੀ. ਕਾਰਡ ਬਣਾਉਣ ਲਈ 20, 23 ਅਤੇ 25 ਨਵੰਬਰ ਨੂੰ ਲਗਾਏ ਜਾਣਗੇ ਵਿਸ਼ੇਸ਼ ਕੈਂਪ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, 18 ਨਵੰਬਰ (ਪੈ.ਗਾਮ-ਏ-ਜਗਤ)

- **ਦਿਵਿਆਂਗ ਵਿਅਕਤੀਆਂ ਦੀ ਸਹੂਲਤ ਲਈ ਵੱਖ-ਵੱਖ ਥਾਵਾਂ 'ਤੇ ਲੱਗਣਗੇ ਮੈਡੀਕਲ ਕੈਂਪ**

ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਦਿਵਿਆਂਗਜਨਾਂ ਦੀ ਸਹੂਲਤ ਲਈ ਯੂਨੀਕ ਡਿਸਏਬਿਲਟੀ ਆਈਡੈਂਟਿਟੀ (ਯੂ.ਡੀ.ਆਈ.ਡੀ.) ਕਾਰਡ ਬਣਾਉਣ ਹਿੱਤ ਤਿੰਨ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ, ਨਵਦੀਪ ਕੌਰ ਨੇ ਦੱਸਿਆ ਕਿ ਇਨ੍ਹਾਂ ਕੈਂਪਾਂ ਦੌਰਾਨ ਸਿਹਤ ਵਿਭਾਗ ਦੇ ਮੈਡੀਕਲ ਬੋਰਡਾਂ ਦੀਆਂ ਟੀਮਾਂ ਵੱਲੋਂ ਮੌਕੇ 'ਤੇ ਹੀ ਦਿਵਿਆਂਗਜਨਾਂ ਦੀ ਜਾਂਚ ਕਰਕੇ ਸਰਟੀਫਿਕੇਟ ਅਤੇ ਯੂ.ਡੀ.ਆਈ.ਡੀ. ਕਾਰਡ ਜਾਰੀ ਕਰਨ ਦੀ ਪ੍ਰਕਿਰਿਆ ਮੁਕੰਮਲ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਹ ਕੈਂਪ 20 ਨਵੰਬਰ 2026 ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਐਸ.ਡੀ.ਐਮ. ਦਫ਼ਤਰ, ਖਰੜ, 23 ਨਵੰਬਰ 2026 ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਸਿਵਲ ਹਸਪਤਾਲ, ਮੋਹਾਲੀ ਅਤੇ 25 ਨਵੰਬਰ 2026 ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਐਸ.ਡੀ.ਐਮ. ਦਫ਼ਤਰ, ਡੇਰਾਬੱਸੀ ਵਿਖੇ ਲੱਗਣਗੇ।

ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਨੇ ਸਕੂਲਾਂ, ਦਿਵਿਆਂਗਜਨਾਂ ਦੇ ਪਰਿਵਾਰਕ ਮੈਂਬਰਾਂ, ਪੰਚਾਇਤਾਂ, ਕੌਂਸਲਰਾਂ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਕੈਂਪਾਂ ਦਾ ਵੱਧ ਤੋਂ ਵੱਧ ਪ੍ਰਚਾਰ ਕਰਨ ਤਾਂ ਜੋ ਲੋੜਵੰਦ ਦਿਵਿਆਂਗ ਵਿਅਕਤੀਆਂ ਇਨ੍ਹਾਂ ਕੈਂਪਾਂ ਦਾ ਲਾਭ ਉਠਾ ਸਕਣ ਅਤੇ ਸਰਕਾਰੀ ਭਲਾਈ ਸਕੀਮਾਂ ਦਾ ਫਾਇਦਾ ਲੈਣ ਤੋਂ ਵਾਂਝੇ ਨਾ ਰਹਿਣ।

Happy Married Life



ਚੇਤਨ ਕੌਰ ਪੁੱਤਰੀ ਅਮਰਜੀਤ ਸਿੰਘ ਪਰਮਾਰ

ਨਿਵਾਸੀ ਅਜਨੋਹਾ ਦਾ ਸ਼ੁਭ ਵਿਆਹ ਸੁਪਰੀਤ ਜਸਵਾਲ ਪੁੱਤਰ ਰਾਜਵਿੰਦਰ ਸਿੰਘ ਜਸਵਾਲ ਨਿਵਾਸੀ ਭਾਮ ਨਾਲ ਹੋਇਆ। 'ਪੈ.ਗਾਮ-ਏ-ਜਗਤ' ਦੇ ਸਮੂਹ ਪਰਿਵਾਰ ਵਲੋਂ ਬਹੁਤ-ਬਹੁਤ ਮੁਬਾਰਕਾਂ

ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਫੁੱਟਬਾਲ ਕਲੱਬ ਵਲੋਂ ਗੜ੍ਹਸ਼ੰਕਰ ਵਿਖੇ 17ਵਾਂ ਟੂਰਨਾਮੈਂਟ ਦੇ ਦੂਜੇ ਦਿਨ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਮੁੱਖ ਮਹਿਮਾਨ ਵਜੋ ਸ਼ਾਮਲ ਹੋਏ

ਪੈ.ਗਾਮ-ਏ-ਜਗਤ
ਗੜ੍ਹਸ਼ੰਕਰ 17 ਨਵੰਬਰ (ਰਾਕੇਸ਼ ਕੁਮਾਰ)



ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਫੁੱਟਬਾਲ ਕਲੱਬ ਗੜ੍ਹਸ਼ੰਕਰ ਵਲੋਂ 17 ਤੋਂ 21 ਨਵੰਬਰ ਤੱਕ ਕਰਵਾਇਆ ਜਾ ਰਿਹਾ 17ਵਾਂ ਫੁੱਟਬਾਲ ਟੂਰਨਾਮੈਂਟ ਅਤੇ ਇੰਟਰਸਟੇਟ ਅਥਲੈਟਿਕ ਮੀਟ ਅੱਜ ਓਲੰਪੀਅਨ ਸ. ਜਰਨੈਲ ਸਿੰਘ ਸਟੇਡੀਅਮ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੜ੍ਹਸ਼ੰਕਰ ਦੀ ਗਰਾਂਊਡ ਵਿਖੇ ਸ਼ਾਨੋ ਸ਼ੌਕਤ ਨਾਲ ਦੂਸਰੇ ਦਿਨ ਦੇ ਉਦਘਾਟਨ ਸਮਾਰੋਹ ਵਿੱਚ ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾ ਤੇ ਜਸਵੀਰ ਸਿੰਘ ਪਨੇਸਰ ਸ਼ਾਮਲ ਹੋਏ।

ਇਸ ਮੌਕੇ ਨਗਰ ਕੌਂਸਲ ਗੜ੍ਹਸ਼ੰਕਰ ਦੇ ਸਾਬਕਾ ਪ੍ਰਧਾਨ ਰਜਿਦਰ ਸਿੰਘ ਸ਼ੂਕਾ ਨੇ ਪਹੁੰਚ ਕੇ ਖਿਡਾਰੀਆਂ ਨੂੰ ਅਸ਼ੀਰਵਾਦ ਦਿੱਤਾ। ਇਸ ਮੌਕੇ ਜਾਣਕਾਰੀ ਦਿੰਦਿਆਂ ਸ਼ਹੀਦ-ਏ-ਆਜਮ ਸ. ਭਗਤ ਸਿੰਘ ਫੁੱਟਬਾਲ ਕਲੱਬ ਗੜ੍ਹਸ਼ੰਕਰ ਦੇ ਪ੍ਰਧਾਨ ਐਡਵੋਕੇਟ ਜਸਵੀਰ ਸਿੰਘ ਰਾਏ ਨੇ ਦੱਸਿਆ ਕਿ ਸਮੂਹ ਐਨਆਰ ਆਈਜ਼ ਦੇ ਸਹਿਯੋਗ ਨਾਲ ਕਲੱਬ ਵੱਲੋਂ ਕਰਵਾਏ ਜਾ ਰਿਹੈ 17ਵੇਂ ਫੁੱਟਬਾਲ ਟੂਰਨਾਮੈਂਟ ਅਤੇ ਇੰਟਰਸਟੇਟ ਅਥਲੈਟਿਕ ਮੀਟ ਦਾ ਅੱਜ ਓਲੰਪੀਅਨ ਸ. ਜਰਨੈਲ ਸਿੰਘ ਸਟੇਡੀਅਮ ਸੀਨੀਅਰ ਸੈਕੰਡਰੀ ਸਕੂਲ ਗੜ੍ਹਸ਼ੰਕਰ ਵਿਖੇ ਅੱਜਦੂਸਰੇ ਦਿਨ ਦੇ ਮੁਕਾਬਲ ਹੋਏ ਉਨ੍ਹਾਂ ਦੱਸਿਆ ਕਿ 17 ਤੋਂ 21 ਨਵੰਬਰ ਤੱਕ ਕਰਵਾਏ ਜਾ ਰਿਹੇ ਇਸ ਟੂਰਨਾਮੈਂਟ ਵਿੱਚ ਪਿੰਡ ਪੱਧਰ ਦੀਆਂ ਫੁੱਟਬਾਲ ਟੀਮਾਂ ਦੇ ਮੁਕਾਬਲੇ, ਫੁੱਟਬਾਲ ਅਕੈਡਮੀਆਂ ਦੇ ਮੁਕਾਬਲੇ, ਐਥਲੈਟਿਕ ਦੇ ਲੜਕੇ-ਲੜਕੀਆਂ ਦੇ ਮੁਕਾਬਲੇ ਅਤੇ ਲੰਬੀ ਛਾਲ ਤੇ ਗੋਲਾ ਸੁੱਟਣ ਦੇ ਸਿਰਫ ਲੜਕਿਆਂ ਦੇ ਮੁਕਾਬਲੇ ਕਰਵਾਏ ਜਾਣਗੇ। ਇਸ ਤੋਂ ਇਲਾਵਾ ਸਕੂਲ ਪੱਧਰ ਦੀਆਂ ਲੜਕੀਆਂ ਦੇ ਰੱਸਾਕਸ਼ੀ ਦੇ ਮੁਕਾਬਲੇ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਜੇਤੂ ਟੀਮਾਂ ਨੂੰ ਸ਼ਾਨਦਾਰ ਇਨਾਮਾਂ ਨਾਲ ਨਵਾਜਿਆ ਜਾਵੇਗਾ। ਇਸ ਮੌਕੇ ਤੀਰਥ ਸਿੰਘ ਰੱਤੂ, ਸਤਨਾਮ ਸਿੰਘ ਪਾਰੋਵਾਲ, ਅਵਤਾਰ ਸਿੰਘ ਸੀਹਰਾ, ਰਜਿੰਦਰ ਸ਼ਬਲਾ, ਸੁਨੀਲ ਕੁਮਾਰ ਗੋਲਡੀ, ਕਮਲਜੀਤ ਬੈਂਸ, ਰਮਨ ਬੰਗਾ, ਸ਼ਲਿੰਦਰ ਰਾਣਾ, ਇੰਦਰ ਕੁਮਾਰ, ਕੇਵਲ ਸਿੰਘ ਭੱਜਲ, ਲਖਵਿੰਦਰ ਸਿੰਘ ਤੋਂ ਇਲਾਵਾ ਸਾਬਕਾ ਕੌਂਸਲਰ ਪਰਮਜੀਤ ਸਿੰਘ ਪੰਮਾ ਆਦਿ ਹਾਜ਼ਰ ਸਨ।ਸਟੇਜ ਸੰਚਾਲਨ ਅਮਰੀਕ ਹਮਰਾਜ ਤੇ ਕਮਲਜੀਤ ਬੈਂਸ ਨੇ ਨਿਭਾਈ।

ਖੇਡ ਮੈਦਾਨ ਵਿੱਚ ਹੇਰਾ ਫੇਰੀ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ : ਵਿਧਾਇਕ ਸੰਤੋਸ਼ ਕਟਾਰੀਆ

ਪੈ.ਗਾਮ-ਏ-ਜਗਤ
ਨਵਾਂਸ਼ਹਿਰ/ਕਾਠਗੜ੍ਹ
18 ਨਵੰਬਰ (ਜਤਿੰਦਰਪਾਲ ਸਿੰਘ ਕਲੇਰ)



ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਜ਼ਿਲ੍ਹੇ ਭਰ ਵਿੱਚ ਬੱਚਿਆਂ ਲਈ ਖੇਡ ਮੈਦਾਨ ਬਣਾਏ ਜਾ ਰਹੇ ਹਨ। ਅਜਿਹਾ ਹੀ ਇੱਕ ਖੇਡ ਮੈਦਾਨ ਪਿੰਡ ਰੈਲ ਮਾਜਰਾ ਵਿਖੇ ਬਣਾਇਆ ਗਿਆ, ਜਿਸ ਨੂੰ ਲੈ ਕੇ ਕਾਫੀ ਵਿਵਾਦ ਖੜ੍ਹਾ ਹੋ ਗਿਆ। ਪਿੰਡ ਦੇ ਕੁਝ ਲੋਕਾਂ ਨੇ ਇਸ ਦੇ ਵਿਕਾਸ ਨੂੰ ਲੈ ਕੇ ਕਈ ਸਵਾਲ ਖੜ੍ਹੇ ਕੀਤੇ ਅਤੇ ਇਸ ਵਿੱਚ ਘਪਲੇਬਾਜ਼ੀ ਦੇ ਦੋਸ਼ ਲਾਏ। 25 ਲੱਖ ਰੁਪਏ ਕਿੱਥੇ ਖਰਚ ਕੀਤੇ ਗਏ, ਇਸ ਨੂੰ ਲੈ ਕੇ ਸਰਕਾਰ ਤੇ ਵੀ ਦੋਸ਼ ਲਗਾਏ ਗਏ।

ਖਬਰਾਂ ਵਿੱਚ ਇਸ ਦਾ ਪੂਰਾ ਜ਼ੋਰ ਸੁਣ ਕੇ ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਨੇ ਅੱਜ ਬਾਅਦ ਦੁਪਹਿਰ ਖੇਡ ਮੈਦਾਨ ਰੈਲਮਾਜਰਾ ਦਾ ਦੌਰਾ ਕੀਤਾ। ਸ਼ਿਕਾਇਤ ਕਰਤਾ ਵੀ ਹਲਕਾ ਵਿਧਾਇਕ ਦਾ ਦੌਰਾ ਦੇਖਣ ਲਈ ਉੱਥੇ ਪਹੁੰਚੇ ਹੋਏ ਸਨ। ਸੀਨੀਅਰ ਸੈਕੰਡਰੀ ਸਕੂਲ ਰੈਲਮਾਜਰਾ ਦਾ ਖੇਡ ਮੈਦਾਨ, ਜਿਸ ਤੇ ਸਰਕਾਰ ਵੱਲੋਂ ਕੁਝ ਕੰਮ ਕਰਵਾ ਕੇ ਲਾਈਟਾਂ ਲਗਵਾਈਆਂ ਗਈਆਂ ਸਨ, ਉਸ ਦਾ ਬੀਤੇ ਦਿਨ ਹੀ ਉਦਘਾਟਨ ਕੀਤਾ ਗਿਆ ਸੀ।

ਖੇਡ ਮੈਦਾਨ ਦਾ ਨਿਰੀਖਣ ਕਰਕੇ ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਖੇਡ ਮੈਦਾਨ ਵਿਖੇ ਜੋ ਵੀ ਕੰਮ ਕਰਵਾਇਆ ਗਿਆ ਹੈ, ਜੇਕਰ ਉਸ ਵਿੱਚ ਹੇਰਾ ਫੇਰੀ ਹੋਈ ਹੈ ਤਾਂ ਭਾਵੇਂ ਉਹ ਠੇਕੇਦਾਰ ਹੋਵੇ ਜਾਂ ਸਰਕਾਰੀ ਮੁਲਾਜ਼ਮ, ਉਸ ਨੂੰ ਬਖਸ਼ਿਆ ਨਹੀਂ ਜਾਵੇਗਾ। ਇਸ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇਗੀ।

ਹਲਕਾ ਵਿਧਾਇਕ ਨੇ ਕਿਹਾ ਕਿ ਪੰਚਾਇਤ ਵੱਲੋਂ ਜੋ ਵੀ ਜਗ੍ਹਾ ਸਰਕਾਰ ਨੂੰ ਦਿੱਤੀ ਗਈ, ਉਸ ਤੇ ਖੇਡ ਮੈਦਾਨ ਬਣਾਇਆ ਗਿਆ ਹੈ। ਇਹ ਕਹਿ ਕੇ ਉਹ ਗੱਡੀ ਵਿੱਚ ਬੈਠ ਕੇ ਚਲੇ ਗਏ।

ਦੂਜੇ ਪਾਸੇ ਸ਼ਿਕਾਇਤ ਕਰਤਾ ਤੇਜੀ ਮਾਂਗਟ ਰੈਲਮਾਜਰਾ ਅਤੇ ਜਗਵੀਰ ਸਿੰਘ ਸਹੂੰਗੜਾ , ਜਿਨ੍ਹਾਂ ਨੇ ਚੋਣ ਲੜਨ ਦਾ ਵੀ ਐਲਾਨ ਕੀਤਾ ਹੋਇਆ ਹੈ, ਨੇ ਵਿਧਾਇਕ ਖਿਲਾਫ਼ ਨਾਅਰੇਬਾਜ਼ੀ ਕਰਦਿਆਂ ਉੱਥੇ ਸਕੂਲ ਦੇ ਅੰਦਰ ਮੁੱਖ ਮੰਤਰੀ ਭਗਵੰਤ ਮਾਨ ਦਾ ਖੇਡ ਮੈਦਾਨ ਵਾਲਾ ਲਗਾਇਆ ਗਿਆ ਬੋਰਡ ਪਾੜ ਦਿੱਤਾ ਅਤੇ ਉਨ੍ਹਾਂ ਨੇ ਕਿਹਾ ਕਿ ਸਕੂਲ ਦੇ ਅੰਦਰ ਸਿਆਸੀ ਬੋਰਡ ਨਹੀਂ ਲੱਗੇਗਾ, ਜਿੱਥੇ ਭਗਤ ਸਿੰਘ, ਰਾਜਗੁਰੂ ਵਰਗੇ ਸ਼ਹੀਦਾਂ ਦੇ ਬੋਰਡ ਲਗਾਏ ਜਾਣੇ ਚਾਹੀਦੇ ਹਨ।

ਇਸ ਸਬੰਧ ਵਿੱਚ ਪਿੰਡ ਰੈਲਮਾਜਰਾ ਦੇ ਸਰਪੰਚ ਸਿੰਕਦਰ ਸਿੰਘ ਲਾਂਦੀ , ਜੋ ਕਿ ਉੱਥੇ ਹਾਜ਼ਰ ਨਹੀਂ ਸਨ, ਨੇ ਫੋਨ ਤੇ ਗੱਲਬਾਤ ਕਰਦਿਆਂ ਦੱਸਿਆ ਕਿ ਪੰਚਾਇਤ ਦਾ ਇਸ ਕੰਮ ਵਿੱਚ ਕੋਈ ਲੈਣਾ ਦੇਣਾ ਨਹੀਂ ਹੈ, ਨਾ ਹੀ ਪੰਚਾਇਤ ਨੇ ਇਹ ਕੰਮ ਕਰਵਾਇਆ ਹੈ। ਮੌਕੇ ਤੇ ਮੌਜੂਦ ਜੇ.ਈ.ਭਗਵੰਤ ਸਿੰਘ ਨੇ ਦੱਸਿਆ ਬਾਕੀ ਕੁਝ ਅਧੂਰਾ ਪਿਆ ਹੈ ਅਤੇ ਬਾਕੀ ਕੰਮ ਹੋਣਾ ਰਹਿੰਦਾ ਹੈ, ਬਾਕੀ ਰਹਿੰਦੇ ਕੰਮ ਦੀ ਜਾਣਕਾਰੀ ਮੌਜੂਦਾ ਠੇਕੇਦਾਰ ਹੀ ਦੱਸ ਸਕਦਾ ਹੈ ਪਰ ਮੌਕੇ ਤੇ ਠੇਕੇਦਾਰ ਨਹੀ ਆਇਆ।

ਡਿਪਟੀ ਮੁੱਖ ਮੰਤਰੀ ਮੁਕੇਸ਼ ਅਗਨੀਹੋਤਰੀ ਪੰਚਭੀਸ਼ਮ ਪਰਵ ਅਤੇ ਕੋਟਿ ਗਾਇਤਰੀ ਮਹਾਂਯੱਗ ਵਿੱਚ ਹੋਏ ਸ਼ਾਮਲ

ਊਨਾ, 18 ਨਵੰਬਰ (ਪੈ.ਗਾਮ-ਏ-ਜਗਤ)

- **ਡੇਰਾ ਬਾਬਾ ਰੁਦਰਾਨੰਦ ਧਾਮ ਨਾਰੀ ਵਿਖੇ ਮੱਥਾ ਟੇਕ ਕੇ ਲਿਆ ਆਸ਼ੀਰਵਾਦ, 24 ਨਵੰਬਰ ਨੂੰ ਪੂਰਨਾਹੂਤੀ ਵਿੱਚ ਵੀ ਹ

ਵੈਟਨਰੀ ਯੂਨੀਵਰਸਿਟੀ ਯੁਵਕ ਮੇਲੇ ਦੇ ਦੂਜੇ ਦਿਨ ਕਵਿਤਾ ਅਤੇ ਦਸਤਾਰ ਦੀ ਸ਼ਾਨ ਨੇ ਸਿਰਜਿਆ ਕਲਾ ਦਾ ਅਦਭੁਤ ਸੰਗਮ

ਲੁਧਿਆਣਾ, 18 ਨਵੰਬਰ (ਪੈ.ਗਾਮ-ਏ-ਜਗਤ)

ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਿਜ਼ ਯੂਨੀਵਰਸਿਟੀ, ਲੁਧਿਆਣਾ ਦੇ 15ਵੇਂ ਯੁਵਕ ਮੇਲੇ (’ਯੁਵ-ਤਰੰਗ 2026’) ਦਾ ਦੂਜਾ ਦਿਨ ਰਚਨਾਤਮਕਤਾ ਦੇ ਰੰਗਾਂ ਨਾਲ ਭਰਪੂਰ ਰਿਹਾ। ਇਸ ਦੌਰਾਨ ਵਿਦਿਆਰਥੀਆਂ ਨੇ ਕਾਵਿ-ਪਾਠ, ਹਾਸ-ਰਸ ਕਵਿਤਾ ਅਤੇ ਦਸਤਾਰ ਸਜਾਉਣ ਦੇ ਮੁਕਾਬਲਿਆਂ ਵਿੱਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਇਨ੍ਹਾਂ ਮੁਕਾਬਲਿਆਂ ਨੇ ਕਾਵਿਕ ਮਾਹੌਲ, ਹੁਨਰ ਅਤੇ ਨੌਜਵਾਨੀ ਦੀ ਸੁੰਦਰਤਾ ਨੂੰ ਇੱਕ ਮੰਚ ’ਤੇ ਇਕੱਠਾ ਕੀਤਾ।

ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਜਤਿੰਦਰ ਪਾਲ ਸਿੰਘ ਗਿੱਲ ਨੇ ਕਿਹਾ ਕਿ ਯੂਥ ਫੈਸਟੀਵਲ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀ ਸਾਡੀ ਸੰਸਥਾ ਦੇ ਸੱਭਿਆਚਾਰਕ ਰਾਜਦੂਤ ਹਨ। ਉਨ੍ਹਾਂ ਦੀਆਂ ਸ਼ਾਨਦਾਰ ਗਤੀਵਿਧੀਆਂ ਸਦਕਾ ਇਹ ਯੂਨੀਵਰਸਿਟੀ ਬਹੁ-ਪੱਖੀ ਪ੍ਰਤਿਭਾਵਾਂ ਦਾ ਕੇਂਦਰ ਬਣ ਗਈ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕੀਤਾ।

ਵਿਦਿਆਰਥੀ ਭਲਾਈ ਨਿਰਦੇਸ਼ਕ ਡਾ. ਜਸਪਾਲ ਸਿੰਘ



ਹੁੰਦਲ ਨੇ ਕਿਹਾ ਕਿ ਇਹ ਯੂਥ ਫੈਸਟੀਵਲ ਵਿਦਿਆਰਥੀਆਂ ਵਿੱਚ ਆਤਮ-ਵਿਸ਼ਵਾਸ, ਹਿੰਮਤ, ਸੂਝ-ਬੂਝ, ਸਮੇਂ ਦੀ ਸੰਭਾਲ ਅਤੇ ਸਾਹਸ ਭਾਵਨਾ ਪੈਦਾ ਕਰਨ ਲਈ ਇੱਕ ਮੰਚ ਵਜੋਂ ਕੰਮ ਕਰਦਾ ਹੈ। ਉਨ੍ਹਾਂ ਨੇ ਕਿਹਾ ਕਿ ਅਜਿਹੇ ਆਯੋਜਨ ਨੌਜਵਾਨਾਂ ਵਿੱਚ ਸੱਭਿਆਚਾਰਕ ਕਦਰਾਂ-ਕੀਮਤਾਂ, ਵਿਰਸੇ ਪ੍ਰਤੀ ਸਤਿਕਾਰ ਅਤੇ ਕਲਾ ਪ੍ਰਤੀ ਕਦਰ ਦੀ ਭਾਵਨਾ ਪੈਦਾ ਕਰਨ ਵਿੱਚ ਮਦਦ ਕਰਦੇ ਹਨ।

ਡਾ. ਸੌਤਿਆਵਾਨ ਰਾਮਪਾਲ, ਵੈਟਨਰੀ ਯੂਨੀਵਰਸਿਟੀ ਦੇ ਸਾਬਕਾ ਨਿਰਦੇਸ਼ਕ ਵਿਦਿਆਰਥੀ ਭਲਾਈ ਕਾਵਿ-ਸੈਸ਼ਨ ਮੌਕੇ ਮੁੱਖ ਮਹਿਮਾਨ ਸਨ, ਜਦਕਿ ਪੀ.ਏ.ਯੂ. ਵਿਖੇ ’ਡਾ. ਸੁਰਜੀਤ ਪਾਤਰ ਚੇਅਰ’ ਦੇ ਚੇਅਰਪਰਸਨ ਡਾ. ਨਿਰਮਲ ਜੌੜਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਦਸਤਾਰ ਸਜਾਉਣ ਦੇ ਮੁਕਾਬਲੇ ਵਿੱਚ ਪਸਾਰ ਸਿੱਖਿਆ ਨਿਰਦੇਸ਼ਕ ਡਾ. ਰਵਿੰਦਰ ਸਿੰਘ ਗਰੇਵਾਲ ਮੁੱਖ ਮਹਿਮਾਨ ਸਨ। ਦੁਪਹਿਰ ਦੇ ਸੈਸ਼ਨ ਵਿੱਚ ਐਨੀਮਲ ਬਾਇਓਟੈਕਨਾਲੋਜੀ ਕਾਲਜ ਦੇ ਡੀਨ ਡਾ. ਰਾਮ ਸਰਨ ਸੇਠੀ ਮੁੱਖ ਮਹਿਮਾਨ ਅਤੇ ਵਧੀਕ ਨਿਰਦੇਸ਼ਕ ਖੋਜ ਡਾ. ਬਲਬੀਰ ਬਗੀਚਾ ਸਿੰਘ ਧਾਲੀਵਾਲ ਵਿਸ਼ੇਸ਼ ਮਹਿਮਾਨ ਵਜੋਂ ਪਧਾਰੇ।

19 ਨਵੰਬਰ ਨੂੰ ਕਾਰਟੂਨ ਬਣਾਉਣ (ਸਵੇਰੇ 09:00 ਵਜੇ), ਕਵੀਸ਼ਰੀ (ਸਵੇਰੇ 10:00 ਵਜੇ), ਕੋਲਾਜ ਬਣਾਉਣ (ਸਵੇਰੇ 11:30 ਵਜੇ), ਮਹਿੰਦੀ ਲਗਾਉਣ (ਦੁਪਹਿਰ 02:00 ਵਜੇ) ਅਤੇ ਲੰਬੀ ਗੁੱਤ (ਦੁਪਹਿਰ 03:00 ਵਜੇ) ਦੇ ਮੁਕਾਬਲੇ , ਕਾਲਜ ਆਫ਼ ਐਨੀਮਲ ਬਾਇਓਟੈਕਨਾਲੋਜੀ ਵਿਖੇ ਹੀ ਕਰਵਾਏ ਜਾਣਗੇ।

ਨਤੀਜੇ

ਕਾਵਿ ਪਾਠ

1. ਕਰਨਵੀਰ ਸਿੰਘ - ਕਾਲਜ ਆਫ਼ ਵੈਟਨਰੀ ਸਾਇੰਸ, ਲੁਧਿਆਣਾ
2. ਅਮਾਨਤ ਕੌਰ - ਕਾਲਜ ਆਫ਼ ਫਿਸ਼ਰੀਜ਼
3. ਖੁਸ਼ਨੀਤ ਕੌਰ - ਕਾਲਜ ਆਫ਼ ਵੈਟਨਰੀ ਸਾਇੰਸ, ਲੁਧਿਆਣਾ

ਹਾਸ-ਰਸ ਕਵਿਤਾ

1. ਕਰਨਵੀਰ ਸਿੰਘ - ਕਾਲਜ ਆਫ਼ ਵੈਟਨਰੀ ਸਾਇੰਸ, ਲੁਧਿਆਣਾ
2. ਗੁਰਚੇਤਨ ਕੌਰ - ਕਾਲਜ ਆਫ਼ ਐਨੀਮਲ ਬਾਇਓਟੈਕਨਾਲੋਜੀ
3. ਅਰਮਾਨਪ੍ਰੀਤ ਸਿੰਘ - ਕਾਲਜ ਆਫ਼ ਡੇਅਰੀ ਐਂਡ ਫੂਡ ਸਾਇੰਸ ਟੈਕਨਾਲੋਜੀ

ਦਸਤਾਰ ਸਜਾਉਣ ਦਾ ਮੁਕਾਬਲਾ

1. ਹਰਕਰਨ ਸਿੰਘ - ਕਾਲਜ ਆਫ਼ ਵੈਟਨਰੀ ਸਾਇੰਸ, ਲੁਧਿਆਣਾ
2. ਨਵਜੋਤ ਸਿੰਘ - ਕਾਲਜ ਆਫ਼ ਵੈਟਨਰੀ ਸਾਇੰਸ, ਲੁਧਿਆਣਾ
3. ਮਹਿਕਦੀਪ ਕੌਰ - ਕਾਲਜ ਆਫ਼ ਫਿਸ਼ਰੀਜ਼

ਸ਼ਬਦ ਗਾਇਨ

1. ਕਾਲਜ ਆਫ਼ ਫਿਸ਼ਰੀਜ਼
2. ਕਾਲਜ ਆਫ਼ ਵੈਟਨਰੀ ਸਾਇੰਸ, ਰਾਮਪੁਰਾ ਫੂਲ
3. ਖਾਲਸਾ ਕਾਲਜ ਆਫ਼ ਵੈਟਨਰੀ ਐਂਡ ਐਨੀਮਲ ਸਾਇੰਸਿਜ਼, ਅੰਮ੍ਰਿਤਸਰ

ਮਿੱਟੀ ਦੇ ਮਾਡਲ ਬਣਾਉਣੇ (ਕਲੇਅ ਮਾਡਲਿੰਗ)

1. ਇਸ਼ਨੂਰ ਕੌਰ - ਕਾਲਜ ਆਫ਼ ਵੈਟਨਰੀ ਸਾਇੰਸ, ਲੁਧਿਆਣਾ
2. ਗੁਰਪਿੰਦਰਜੀਤ ਕੌਰ - ਕਾਲਜ ਆਫ਼ ਡੇਅਰੀ ਐਂਡ ਫੂਡ ਸਾਇੰਸ ਟੈਕਨਾਲੋਜੀ
3. ਇੰਦਰ ਕੁਮਾਰ - ਕਾਲਜ ਆਫ਼ ਡੇਅਰੀ ਐਂਡ ਫੂਡ ਸਾਇੰਸ ਟੈਕਨਾਲੋਜੀ
4. ਹੌਂਸਲਾ ਵਧਾਊ ਇਨਾਮ - ਪੁਨੀਤ ਰੇਹਾਨ, ਕਾਲਜ ਆਫ਼ ਵੈਟਨਰੀ ਸਾਇੰਸ, ਲੁਧਿਆਣਾ

ਰੰਗੇ ਦਾ ਭਾਅ ਵਧਾਉਣ ਲਈ ਕਿਸਾਨਾਂ ਨੇ ਮੰਤਰੀ ਵਿਜ ਨੂੰ ਮੰਗ ਪੱਤਰ ਸੌਂਪਿਆ

ਪੈ.ਗਾਮ-ਏ-ਜਗਤ/ਅੰਬਾਲਾ, 18 ਨਵੰਬਰ (ਆਰ.ਸਿੰਘ)

ਗੰਨਾ ਕਿਸਾਨਾਂ ਨੇ ਹਰਿਆਣਾ ਸਰਕਾਰ ਪਾਸੋਂ ਗੰਨੇ ਦਾ ਭਾਅ 600 ਰੁਪਏ ਪ੍ਰਤੀ ਕੁਇੰਟਲ ਕਰਨ ਦੀ ਮੰਗ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ (ਸ਼ਹੀਦ ਭਗਤ ਸਿੰਘ) ਦੇ ਬੈਨਰ ਥੱਲੇ ਹਰਿਆਣਾ ਦੇ ਊਰਜਾ, ਕਿਰਤ ਅਤੇ ਆਵਾਜਾਈ ਮੰਤਰੀ ਅਨਿਲ ਵਿਜ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਇਕ ਮੰਗ ਪੱਤਰ ਸੌਂਪਿਆ।

ਹਰਿਆਣਾ ਕਿਸਾਨ ਮਜ਼ਦੂਰ ਸੰਘਰਸ਼ ਮੋਰਚਾ ਦੇ ਸੱਦੇ ’ਤੇ ਦਿੱਤੇ ਗਏ ਇਸ ਮੰਗ ਪੱਤਰ ਵਿੱਚ ਕਿਸਾਨਾਂ ਨੇ ਨਾ ਸਿਰਫ਼ ਗੰਨੇ ਦੀ ਮੌਜੂਦਾ ਕੀਮਤ ਵਿੱਚ ਵਾਧੇ ਦੀ ਮੰਗ ਕੀਤੀ ਸਗੋਂ ਖੇਤੀ ਨਾਲ ਸਬੰਧਿਤ ਹੋਰ ਮੁੱਦਿਆਂ ਨੂੰ ਵੀ ਉਜਾਗਰ ਕੀਤਾ। ਕਿਸਾਨਾਂ ਨੇ ਕਿਹਾ ਕਿ ਖੰਡ ਦੀਆਂ ਕੀਮਤਾਂ ਲਗਾਤਾਰ ਵੱਧ ਰਹੀਆਂ ਹਨ। ਗੰਨੇ ਤੋਂ ਖੰਡ ਪੈਦਾ ਕਰਨ ਦੇ ਨਾਲ-ਨਾਲ, ਖੰਡ ਮਿੱਲਾਂ ਬੋਰੀਆਂ ਅਤੇ ਬਿਜਲੀ ਵੇਚ ਕੇ ਵੀ ਆਮਦਨ ਪੈਦਾ ਕਰ ਰਹੀਆਂ ਹਨ। ਕਿਸਾਨ ਸਵਾਲ ਕਰਦੇ ਹਨ ਕਿ



ਜਦੋਂ ਖੰਡ ਮਿੱਲਾਂ ਵੱਖ-ਵੱਖ ਤਰੀਕਿਆਂ ਨਾਲ ਮੁਨਾਫ਼ਾ ਕਮਾ ਰਹੀਆਂ ਹਨ ਤਾਂ ਗੰਨਾ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦਾ ਉਚਿੱਤ ਮੁੱਲ ਕਿਉਂ ਨਹੀਂ ਮਿਲ ਰਿਹਾ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਉਨ੍ਹਾਂ ਦੀ ਵਿੱਤੀ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਗੰਨੇ ਦੀ ਕੀਮਤ ਤੁਰੰਤ 600 ਰੁਪਏ ਪ੍ਰਤੀ ਕੁਇੰਟਲ ਤੈਅ ਕਰੇ। ਉਨ੍ਹਾਂ ਅਵਾਰਾ ਪਸ਼ੂਆਂ ਦੀ ਵਧਦੀ ਸਮੱਸਿਆ ਵੀ ਉਠਾਈ। ਕਿਸਾਨ ਆਗੂਆਂ ਨੇ ਕਿਹਾ ਕਿ ਅਵਾਰਾ ਪਸ਼ੂ ਖੇਤਾਂ ਵਿੱਚ ਦਾਖਲ ਹੋ ਰਹੇ ਹਨ ਅਤੇ ਕਿਸਾਨਾਂ ਦੀਆਂ ਖੜ੍ਹੀਆਂ ਫਸਲਾਂ ਨੂੰ ਨੁਕਸਾਨ ਪਹੁੰਚਾ ਰਹੇ ਹਨ। ਇਸ ਨਾਲ ਕਿਸਾਨਾਂ ਨੂੰ ਵਿੱਤੀ ਨੁਕਸਾਨ ਹੋ ਰਿਹਾ ਹੈ। ਸੜਕਾਂ ’ਤੇ ਘੁੰਮਦੇ ਆਵਾਰਾ ਪਸ਼ੂ ਅਤੇ ਸਾਨ੍ਹ ਵੀ ਡਰਾਈਵਰਾਂ ਲਈ ਖ਼ਤਰਾ ਬਣਦੇ ਹਨ ਜਿਸ ਨਾਲ ਸੜਕ ਹਾਦਸਿਆਂ ਦਾ ਖ਼ਤਰਾ ਵੱਧ ਜਾਂਦਾ ਹੈ। ਕਿਸਾਨਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਇਸ ਸਮੱਸਿਆ ਦਾ ਸਥਾਈ ਹੱਲ ਲੱਭਿਆ ਜਾਵੇ ਅਤੇ ਆਵਾਰਾ ਪਸ਼ੂਆਂ ਦਾ ਢੁਕਵਾਂ ਪ੍ਰਬੰਧ ਯਕੀਨੀ ਬਣਾਇਆ ਜਾਵੇ।

ਕਿਸਾਨ ਆਗੂ ਮਲਕੀਤ ਸਿੰਘ ਨੇ ਕਿਹਾ ਕਿ ਸਿਰਫ਼ ਭਰੋਸੇ ਦੀ ਬਜਾਏ ਕਿਸਾਨਾਂ ਨੂੰ ਉਨ੍ਹਾਂ ਦੀ ਮਿਹਨਤ ਦਾ ਪੂਰਾ ਮੁੱਲ ਮਿਲਣਾ ਚਾਹੀਦਾ ਹੈ। ਗੰਨੇ ਦੀ ਕਾਸ਼ਤ ਦੀ ਲਾਗਤ, ਮਿਹਨਤ ਅਤੇ ਸਮਾਂ ਲਗਾਤਾਰ ਵਧ ਰਿਹਾ ਹੈ। ਇਸ ਲਈ ਕਿਸਾਨਾਂ ਨੂੰ ਵਿੱਤੀ ਤੌਰ ’ਤੇ ਮਜ਼ਬੂਤ ਬਣਾਉਣ ਲਈ ਗੰਨੇ ਦੀਆਂ ਕੀਮਤਾਂ ਵਿੱਚ ਵਾਜਬ ਵਾਧਾ ਜ਼ਰੂਰੀ ਹੈ। ਉਨ੍ਹਾਂ ਸਰਕਾਰ ਨੂੰ ਕਿਸਾਨਾਂ ਦੀਆਂ ਮੰਗਾਂ ’ਤੇ ਗੰਭੀਰਤਾ ਨਾਲ ਵਿਚਾਰ ਕਰਨ ਅਤੇ ਜਲਦੀ ਫੈਸਲਾ ਲੈਣ ਦੀ ਅਪੀਲ ਕੀਤੀ।

ਕਿਸਾਨਾਂ ਤੋਂ ਮੰਗ ਪੱਤਰ ਪ੍ਰਾਪਤ ਕਰਨ ਤੋਂ ਬਾਅਦ ਕੈਬਨਿਟ ਮੰਤਰੀ ਅਨਿਲ ਵਿਜ ਨੇ ਇੱਕ ਮੀਡੀਆ ਬਰੀਫਿੰਗ ਵਿੱਚ ਕਿਹਾ ਕਿ ਗੰਨਾ ਕਿਸਾਨਾਂ ਨੇ ਗੰਨੇ ਦੀਆਂ ਕੀਮਤਾਂ ਵਧਾਉਣ ਦਾ ਪ੍ਰਸਤਾਵ ਪੇਸ਼ ਕੀਤਾ ਹੈ। ਉਹ ਇਹ ਪ੍ਰਸਤਾਵ ਸਰਕਾਰ ਨੂੰ ਪੇਸ਼ ਕਰਨਗੇ ਅਤੇ ਇਸ ਮਾਮਲੇ ’ਤੇ ਚਰਚਾ ਕਰਨਗੇ। ਮੰਤਰੀ ਦੇ ਭਰੋਸੇ ਤੋਂ ਬਾਅਦ ਕਿਸਾਨ ਹੁਣ ਸਰਕਾਰ ਦੇ ਫੈਸਲੇ ਦੀ ਉਡੀਕ ਕਰ ਰਹੇ ਹਨ। ਇਹ ਦੇਖਣਾ ਬਾਕੀ ਹੈ ਕਿ ਸਰਕਾਰ ਇਨ੍ਹਾਂ ਮੰਗਾਂ ’ਤੇ ਕਦੋਂ ਫੈਸਲਾ ਲਵੇਗੀ ਅਤੇ ਕੀ ਵਾਕਿਆ ਹੀ ਗੰਨਾ ਉਤਪਾਦਕਾਂ ਨੂੰ ਉਹ ਰਾਹਤ ਮਿਲੇਗੀ ਜਿਸ ਦੀ ਉਹ ਉਮੀਦ ਕਰਦੇ ਹਨ।

175 ਸਾਲ ਪੁਰਾਣੀ ਅੰਬਾਲਾ ਕੇਂਦਰੀ ਜੇਲ੍ਹ ਨੂੰ ਆਜ਼ਾਦੀ ਸੰਗਰਾਮ ਅਜ਼ਾਇਬ ਘਰ ਅਤੇ ਵਿਰਾਸਤ ਕੇਂਦਰ ਵਜੋਂ ਵਿਕਸਤ ਕਰੇ ਸਰਕਾਰ: ਰੋਹਿਤ ਜੈਨ

ਪੈ.ਗਾਮ-ਏ-ਜਗਤ/ਅੰਬਾਲਾ 18 ਨਵੰਬਰ (ਆਰ. ਸਿੰਘ)

- **ਇਤਿਹਾਸਕ ਜੇਲ੍ਹ ਨੂੰ ਰਾਸ਼ਟਰੀ ਸਮਾਰਕ ਘੋਸ਼ਿਤ ਕਰਨ ਅਤੇ ਇਸ ਦੀ ਵਿਰਾਸਤ ਸੰਭਾਲਣ ਦੀ ਕੀਤੀ ਮੰਗ**

ਜ਼ਿਲ੍ਹਾ ਬਾਰ ਐਸੋਸੀਏਸ਼ਨ ਅੰਬਾਲਾ ਦੇ ਪ੍ਰਧਾਨ ਐਡਵੋਕੇਟ ਰੋਹਿਤ ਜੈਨ ਨੇ ਹਰਿਆਣਾ ਦੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ 175 ਸਾਲ ਪੁਰਾਣੀ ਅੰਬਾਲਾ ਕੇਂਦਰੀ ਜੇਲ੍ਹ ਨੂੰ ਆਜ਼ਾਦੀ ਸੰਗਰਾਮ ਅਜਾਇਬ ਘਰ ਅਤੇ ਵਿਰਾਸਤ ਕੇਂਦਰ ਵਜੋਂ ਵਿਕਸਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਹ ਜੇਲ੍ਹ ਸਿਰਫ਼ ਇੱਕ ਇਮਾਰਤ ਨਹੀਂ, ਸਗੋਂ ਭਾਰਤ ਦੇ ਆਜ਼ਾਦੀ ਸੰਗਰਾਮ, ਇਨਕਲਾਬੀਆਂ ਦੀਆਂ ਕੁਰਬਾਨੀਆਂ ਅਤੇ ਬ੍ਰਿਟਿਸ਼ ਹਕੂਮਤ ਦੇ ਜ਼ੁਲਮਾਂ ਦੀ ਇਤਿਹਾਸਕ ਗਵਾਹ ਹੈ।

ਰੋਹਿਤ ਜੈਨ ਨੇ ਆਪਣੇ ਪੱਤਰ ਵਿੱਚ ਦੱਸਿਆ ਕਿ ਬ੍ਰਿਟਿਸ਼ ਸਰਕਾਰ ਵੱਲੋਂ ਇਸ ਜੇਲ੍ਹ ਦੀ ਸਥਾਪਨਾ ਪਹਿਲਾਂ ਉਪ-ਜੇਲ੍ਹ ਵਜੋਂ ਕੀਤੀ ਗਈ ਸੀ। 1930 ਵਿੱਚ ਇਸ ਨੂੰ ਜ਼ਿਲ੍ਹਾ ਜੇਲ੍ਹ ਅਤੇ 1947 ਵਿੱਚ ਕੇਂਦਰੀ ਜੇਲ੍ਹ ਦਾ ਦਰਜਾ ਦਿੱਤਾ ਗਿਆ। ਉਸ ਸਮੇਂ ਇਸ ਵਿੱਚ ਸੱਤ ਬਲਾਕ, ਦੋ ਮੰਜ਼ਿਲਾਂ ਅਤੇ ਸੈਂਕੜੇ ਕਮਰੇ ਸਨ। ਲਗਭਗ 12 ਏਕੜ ਵਿੱਚ ਫੈਲੇ ਇਸ ਕੰਪਲੈਕਸ ਵਿੱਚ ਮਹਿਲਾ ਵਾਰਡ, ਹਸਪਤਾਲ, ਫੈਕਟਰੀ, ਗੋਦਾਮ ਅਤੇ ਹੋਰ ਸਹੂਲਤਾਂ ਵੀ ਮੌਜੂਦ ਸਨ।

ਉਨ੍ਹਾਂ ਕਿਹਾ ਕਿ ਇਸ ਜੇਲ੍ਹ ਦਾ ਇਤਿਹਾਸ ਕਈ ਮਹਾਨ ਆਜ਼ਾਦੀ



ਘੁਲਾਟੀਆਂ ਅਤੇ ਇਨਕਲਾਬੀਆਂ ਨਾਲ ਜੁੜਿਆ ਹੋਇਆ ਹੈ। 1912 ਵਿੱਚ ਦਿੱਲੀ ਦੇ ਚਾਂਦਨੀ ਚੌਕ ਵਿੱਚ ਵਾਇਸਰਾਏ ਲਾਰਡ ਹਾਰਡਿੰਗ ਉੱਤੇ ਬੰਬ ਸੁੱਟਣ ਦੀ ਘਟਨਾ ਨਾਲ ਜੁੜੇ ਇਨਕਲਾਬੀ ਬਸੰਤ ਕੁਮਾਰ ਵਿਸ਼ਵਾਸ ਨੂੰ ਇੱਥੇ ਫਾਂਸੀ ਦਿੱਤੀ ਗਈ ਸੀ। ਇਸੇ ਤਰ੍ਹਾਂ 3 ਸਤੰਬਰ 1915 ਨੂੰ ਫੌਜੀ ਬਗ਼ਾਵਤ ਦੇ ਮਾਮਲੇ ਵਿੱਚ ਬ੍ਰਿਟਿਸ਼ ਸਰਕਾਰ ਨੇ 12 ਵਿਅਕਤੀਆਂ ਨੂੰ ਫਾਂਸੀ ਦਿੱਤੀ ਸੀ। ਇਸ ਜੇਲ੍ਹ ਵਿੱਚ ਆਜ਼ਾਦੀ ਘੁਲਾਟੀਏ ਅਤੇ ਉੱਤਰ ਪ੍ਰਦੇਸ਼ ਦੀ ਪਹਿਲੀ ਮਹਿਲਾ ਮੁੱਖ ਮੰਤਰੀ ਸੁਚੇਤਾ ਕ੍ਰਿਪਲਾਨੀ, ਬੀਬੀ ਅਮਰ ਕੌਰ ਅਤੇ ਰਾਜਕੁਮਾਰੀ ਅੰਮ੍ਰਿਤ ਕੌਰ ਵਰਗੀਆਂ ਸ਼ਖ਼ਸੀਅਤਾਂ ਵੀ ਕੈਦ ਰਹੀਆਂ। ਇਸ ਤੋਂ ਇਲਾਵਾ ਕਈ ਹੋਰ ਆਜ਼ਾਦੀ ਘੁਲਾਟੀਆਂ ਨੇ ਵੀ ਇੱਥੇ ਕੈਦ ਕੱਟੀ ਅਤੇ ਅੰਗਰੇਜ਼ੀ ਹਕੂਮਤ ਦੇ ਜ਼ੁਲਮਾਂ ਦਾ ਸਾਹਮਣਾ ਕੀਤਾ।

ਐਡਵੋਕੇਟ ਜੈਨ ਨੇ ਦੱਸਿਆ ਕਿ ਮਹਾਤਮਾ ਗਾਂਧੀ ਦੇ ਕਤਲ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤੇ ਗਏ ਨੱਥੂਰਾਮ ਗੋਡਸੇ ਅਤੇ ਨਾਰਾਇਣ ਆਪਟੇ ਨੂੰ 15 ਨਵੰਬਰ 1949 ਨੂੰ ਅੰਬਾਲਾ ਕੇਂਦਰੀ ਜੇਲ੍ਹ ਵਿੱਚ ਫਾਂਸੀ ਦਿੱਤੀ ਗਈ ਸੀ। ਇਸ ਤੋਂ ਇਲਾਵਾ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੇ ਕਤਲ ਮਾਮਲੇ ਦੇ ਦੋਸ਼ੀਆਂ ਨੂੰ ਵੀ ਇੱਥੇ ਫਾਂਸੀ ਦਿੱਤੀ ਗਈ। ਆਜ਼ਾਦੀ ਤੋਂ ਬਾਅਦ ਇਸ ਜੇਲ੍ਹ ਵਿੱਚ ਕੁੱਲ 29 ਵਿਅਕਤੀਆਂ ਨੂੰ ਫਾਂਸੀ ਦਿੱਤੀ ਗਈ, ਜਦਕਿ ਆਖ਼ਰੀ ਫਾਂਸੀ 21 ਜੂਨ 1989 ਨੂੰ ਹੋਈ ਸੀ।

ਉਨ੍ਹਾਂ ਕਿਹਾ ਕਿ 2022 ਵਿੱਚ ਵੀ ਇਸ ਜੇਲ੍ਹ ਨੂੰ ਰਾਸ਼ਟਰੀ ਸਮਾਰਕ ਘੋਸ਼ਿਤ ਕਰਨ ਅਤੇ ਇਸ ਦੀ ਇਤਿਹਾਸਕ ਵਿਰਾਸਤ ਸੰਭਾਲਣ ਲਈ ਮੰਗ ਪੱਤਰ ਦਿੱਤਾ ਗਿਆ ਸੀ। ਅੰਬਾਲਾ ਵਿੱਚ ਆਜ਼ਾਦੀ ਘੁਲਾਟੀਆਂ ਦੀ ਯਾਦ ਵਿੱਚ ਬਣਾਈ ਗਈ ਨਵੀਂ ਯਾਦਗਾਰ ਸਰਕਾਰ ਦੀ ਸ਼ਲਾਘਾਯੋਗ ਪਹਿਲ ਹੈ, ਪਰ ਇਹ ਇਤਿਹਾਸਕ ਜੇਲ੍ਹ ਦੀ ਮਹੱਤਤਾ ਦਾ ਬਦਲ ਨਹੀਂ ਹੋ ਸਕਦੀ। ਉਨ੍ਹਾਂ ਅੰਡੇਮਾਨ ਦੀ ਸੈਲੂਲਰ ਜੇਲ੍ਹ ਦੀ ਉਦਾਹਰਨ ਦਿੰਦਿਆਂ ਕਿਹਾ ਕਿ ਅੰਬਾਲਾ ਕੇਂਦਰੀ ਜੇਲ੍ਹ ਦੀਆਂ ਇਤਿਹਾਸਕ ਇਮਾਰਤਾਂ, ਬੈਰਕਾਂ, ਕੋਠੜੀਆਂ ਅਤੇ ਫਾਂਸੀ ਘਰ ਨੂੰ ਸੁਰੱਖਿਅਤ ਰੱਖ ਕੇ ਇੱਥੇ ਅਜਾਇਬ ਘਰ, ਇਤਿਹਾਸਕ ਦਸਤਾਵੇਜ਼ਾਂ ਦੀ ਪ੍ਰਦਰਸ਼ਨੀ ਅਤੇ ਵਿਰਾਸਤੀ ਕੇਂਦਰ ਸਥਾਪਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਇਸ ਨੂੰ ਰਾਸ਼ਟਰੀ ਸਮਾਰਕ ਘੋਸ਼ਿਤ ਕਰਨ ਦੀ ਪ੍ਰਕਿਰਿਆ ਸ਼ੁਰੂ ਕਰਕੇ ਸਬੰਧਿਤ ਕੇਂਦਰੀ ਮੰਤਰਾਲਿਆਂ ਨਾਲ ਤਾਲਮੇਲ ਕੀਤਾ ਜਾਵੇ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਦੇਸ਼ ਦੇ ਆਜ਼ਾਦੀ ਸੰਗਰਾਮ ਦੇ ਇਸ ਅਹਿਮ ਇਤਿਹਾਸ ਤੋਂ ਜਾਣੂ ਹੋ ਸਕਣ।

ਬਰਿੰਦਰ ਕੁਮਾਰ ਗੋਇਲ ਨੇ ‘ਮੇਰਾ ਘਰ ਮੇਰੇ ਨਾਮ’ ਮੁਹਿੰਮ ਤਹਿਤ ਲਹਿਰਾ ਹਲਕੇ ਦੇ ਤਿੰਨ ਪਿੰਡਾਂ ਦੇ 1,358 ਪਰਿਵਾਰਾਂ ਨੂੰ ਪ੍ਰਾਪਰਟੀ ਕਾਰਡ ਸੌਂਪੇ

ਲਹਿਰਾਗਾਗਾ (ਸੰਗਰੂਰ), 18 ਨਵੰਬਰ (ਪੈ.ਗਾਮ-ਏ-ਜਗਤ)

- **ਅਗਲੇ ਪੜਾਅ ਵਿੱਚ 18 ਹੋਰ ਪਿੰਡਾਂ ਦੇ ਲਾਭਪਾਤਰੀਆਂ ਨੂੰ ਪ੍ਰਾਪਰਟੀ ਕਾਰਡ ਸੌਂਪੇ ਜਾਣਗੇ**

ਪੰਜਾਬ ਦੇ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਲਹਿਰਾ ਵਿਧਾਨ ਸਭਾ ਹਲਕੇ ਦੇ ਪਿੰਡ ਰੋਜ਼ੇਵਾਲਾ, ਜਲੂਰ ਅਤੇ ਰਾਏਧਰਾਣਾ ਵਿੱਚ ‘ਮੇਰਾ ਘਰ ਮੇਰੇ ਨਾਮ’ ਮੁਹਿੰਮ ਤਹਿਤ 1,358 ਲਾਭਪਾਤਰੀ ਪਰਿਵਾਰਾ

ਮੁਹਾਲੀ ਪੁਲੀਸ ਵੱਲੋਂ ਜ਼ੀਰਕਪੁਰ ਗੁਦਾਮ ਚੋਰੀ ਮਾਮਲੇ ਵਿੱਚ ਗਿਰੋਹ ਦੇ 3 ਮੈਂਬਰ ਕਾਬੂ

42.14 ਲੱਖ ਦੇ 98 ਐਲ.ਈ.ਡੀ.ਟੀ.ਵੀ. ਬਰਾਮਦ, ਚੋਰੀ ਦਾ ਕੈਂਟਰ ਵੀ ਬਰਾਮਦ ਕੀਤਾ

ਐਸ ਏ ਐਸ ਨਗਰ, 18 ਨਵੰਬਰ
(ਪੈ.ਗਾਮ-ਏ-ਜਗਤ)

ਮੁਹਾਲੀ ਪੁਲੀਸ ਨੇ ਜ਼ੀਰਕਪੁਰ ਦੇ ਇਕ ਗੁਦਾਮ ਵਿੱਚੋਂ ਲੱਖਾਂ ਰੁਪਏ ਦੇ ਐਲਈਡੀ ਟੀਵੀ ਚੋਰੀ ਕਰਨ ਵਾਲੇ ਗਿਰੋਹ ਦੇ ਤਿੰਨ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਚੋਰੀਸ਼ੁਦਾ 98 ਐਲਈਡੀ ਟੀਵੀ (43 ਇੰਚ) ਬਰਾਮਦ ਕੀਤੇ ਹਨ, ਜਿਨ੍ਹਾਂ ਦੀ ਕੁੱਲ ਕੀਮਤ 42 ਲੱਖ 14 ਹਜ਼ਾਰ ਰੁਪਏ ਦੱਸੀ ਜਾ ਰਹੀ ਹੈ। ਇਸ ਤੋਂ ਇਲਾਵਾ ਵਾਰਦਾਤ ਵਿੱਚ ਵਰਤਿਆ ਗਿਆ ਚੋਰੀ ਦਾ ਕੈਂਟਰ ਵੀ ਬਰਾਮਦ ਕਰ ਲਿਆ ਗਿਆ ਹੈ।

ਇਸ ਸੰਬੰਧੀ ਅੱਜ ਇੱਥੇ ਇੱਕ ਪੱਤਰਕਾਰ ਸੰਮੇਲਨ ਦੌਰਾਨ ਜਾਣਕਾਰੀ ਦਿੰਦਿਆਂ ਐਸਪੀ (ਇਨਵੈਸਟੀਗੇਸ਼ਨ) ਸੌਰਵ ਜਿੰਦਲ ਨੇ ਦੱਸਿਆ ਕਿ ਪੁਲੀਸ ਦੀ ਜਾਂਚ ਵਿੱਚ ਸਾਮ੍ਹਣੇ ਆਇਆ ਹੈ ਕਿ ਇਹ ਕੁਲ 5 ਵਿਅਕਤੀਆਂ ਦਾ ਗਿਰੋਹ ਹੈ ਜਿਸਦੇ ਤਿੰਨ ਮੈਂਬਰਾਂ ਸਾਹਿਲ ਉਰਫ਼ ਸੋਨੂੰ ਵਾਸੀ ਪਿੰਡ ਜੰਡੋਲੀ, ਹਾਲ ਵਾਸੀ ਰਾਜਪੁਰਾ, ਦੀਪਕ ਵਾਸੀ ਕੁਰੂਕਸ਼ੇਤਰ, ਹਾਲ ਵਾਸੀ ਰਾਜਪੁਰਾ ਅਤੇ ਰਵਿੰਦਰ ਸਿੰਘ ਉਰਫ਼ ਬਹਾਦਰ ਵਾਸੀ ਬਨੂੜ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਜਦੋਂਕਿ ਇਹਨਾਂ ਦੇ ਦੋ ਸਾਥੀ ਮਨਜੀਤ ਸਿੰਘ ਅਤੇ ਸ਼ਲੀਨ ਸਿੰਗਲਾ ਫਰਾਰ ਹਨ ਅਤੇ ਪੁਲੀਸ ਵਲੋਂ ਇਹਨਾਂ ਦੋਵਾਂ ਨੂੰ ਵੀ ਛੇਤੀ ਹੀ ਕਾਬੂ ਕਰ ਲਿਆ ਜਾਵੇਗਾ।

ਉਹਨਾਂ ਦੱਸਿਆ ਕਿ ਇਸ ਮਾਮਲੇ ਵਿੱਚ ਸ਼ਿਕਾਇਤਕਰਤਾ ਸੁਮਿਤ (ਵਾਸੀ ਨਰਾਇਣਗੜ੍ਹ, ਅੰਬਾਲਾ) ਨੇ ਥਾਣਾ ਜ਼ੀਰਕਪੁਰ ਵਿਖੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਹ ਮੋਦੀਕੁੰਜ ਜ਼ੀਰਕਪੁਰ ਨੇੜੇ 'ਸ਼ਿਵਾਲਿਕ ਡਿਸਟ੍ਰੀਬਿਊਸ਼ਨ ਪ੍ਰਾਈਵੇਟ ਲਿਮਟਿਡ' ਦੇ ਗੁਦਾਮ ਵਿੱਚ ਨੌਕਰੀ ਕਰਦਾ ਹੈ। ਬੀਤੀ 6 ਨਵੰਬਰ ਦੀ ਸ਼ਾਮ ਨੂੰ ਦੀਵਾਲੀ ਦੀਆਂ ਛੁੱਟੀਆਂ ਕਾਰਨ ਸਟਾਫ਼ ਗੁਦਾਮ ਬੰਦ ਕਰਕੇ ਚਲਾ ਗਿਆ ਸੀ। ਜਦੋਂ 10 ਨਵੰਬਰ ਦੀ ਸਵੇਰ ਨੂੰ ਗੁਦਾਮ ਖੋਲ੍ਹਿਆ ਗਿਆ ਤਾਂ ਸ਼ਟਰ ਟੁੱਟੇ ਹੋਏ ਸਨ ਅਤੇ ਅੰਦਰੋਂ 133 ਐਲਈਡੀ ਟੀਵੀ ਗਾਇਬ ਸਨ। ਇਸ ਸਬੰਧੀ ਥਾਣਾ ਜ਼ੀਰਕਪੁਰ ਵਿਖੇ ਬੀਐਨਐਸ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਉਹਨਾਂ ਦੱਸਿਆ ਕਿ



ਵਾਰਦਾਤ ਦੀ ਗੰਭੀਰਤਾ ਨੂੰ ਦੇਖਦਿਆਂ ਜਿਲ੍ਹੇ ਦੇ ਐਸ ਐਸ ਪੀ ਵਰੁਣ ਸ਼ਰਮਾ ਦੀਆਂ ਹਦਾਇਤਾਂ ਤੇ ਐਸਪੀ (ਆਪ੍ਰੇਸ਼ਨ) ਅਕਾਸ਼ਦੀਪ ਸਿੰਘ ਔਲਖ, ਐਸ ਪੀ (ਇਨਵੈਸਟੀਗੇਸ਼ਨ) ਸੌਰਵ ਜਿੰਦਲ ਅਤੇ ਡੀ ਐਸ ਪੀ ਰਾਜਨ ਪਰਮਿੰਦਰ ਸਿੰਘ ਦੀ ਨਿਗਰਾਨੀ ਹੇਠ ਆਪ੍ਰੇਸ਼ਨ ਸੈਲ ਮੁਹਾਲੀ ਦੇ ਇੰਚਾਰਜ ਇੰਸਪੈਕਟਰ ਹਰਮਿੰਦਰ ਸਿੰਘ ਦੀ ਟੀਮ ਨੇ ਤਕਨੀਕੀ ਅਤੇ ਖੁਫ਼ੀਆ ਸੋਰਸਾਂ ਦੀ ਮਦਦ ਨਾਲ 17 ਨਵੰਬਰ ਨੂੰ ਤਿੰਨ ਮੁਲਜ਼ਮਾਂ ਨੂੰ ਕਾਬੂ ਕਰ ਲਿਆ। ਉਹਨਾਂ ਦੱਸਿਆ ਕਿ ਪੁਲੀਸ ਵਲੋਂ ਪਹਿਲਾਂ ਸਾਹਿਲ ਅਤੇ ਦੀਪਕ ਨੂੰ ਰਾਜਪੁਰਾ ਤੋਂ ਕਾਬੂ ਕੀਤਾ ਗਿਆ ਅਤੇ ਫਿਰ ਰਵਿੰਦਰ ਸਿੰਘ ਉਰਫ਼ ਬਹਾਦਰ ਨੂੰ ਬਨੂੜ ਸਥਿਤ ਉਸ ਦੀ ਕੌਸਮੈਟਿਕਸ ਦੀ ਦੁਕਾਨ ਤੋਂ ਗ੍ਰਿਫ਼ਤਾਰ ਕੀਤਾ ਗਿਆ। ਉਹਨਾਂ ਦੱਸਿਆ ਕਿ ਪੁਲੀਸ ਦੀ ਪੁੱਛਗਿੱਛ ਵਿੱਚ ਸਾਹਮਣੇ ਆਇਆ ਕਿ ਗ੍ਰਿਫ਼ਤਾਰ ਮੁਲਜ਼ਮਾਂ ਨੇ ਆਪਣੇ ਦੋ ਹੋਰ ਸਾਥੀਆਂ ਮਨਜੀਤ ਸਿੰਘ ਉਰਫ਼ ਮਨੀ ਵਾਸੀ ਖਰੜ ਅਤੇ ਸ਼ਲੀਨ ਸਿੰਗਲਾ ਵਾਸੀ ਪਟਿਆਲਾ ਨਾਲ ਮਿਲ ਕੇ ਚੋਰੀ ਦੀ ਯੋਜਨਾ ਬਣਾਈ ਸੀ। ਮੁਲਜ਼ਮਾਂ ਨੇ ਪਹਿਲਾਂ ਜ਼ੀਰਕਪੁਰ ਦੇ ਗੁਦਾਮ ਏਰੀਆ ਵਿੱਚੋਂ ਇਕ ਕੈਂਟਰ ਚੋਰੀ ਕੀਤਾ ਅਤੇ ਫਿਰ 7 ਨਵੰਬਰ ਨੂੰ ਗੁਦਾਮ ਦਾ ਸ਼ਟਰ ਤੋੜ ਕੇ ਐਲ ਈ ਡੀ ਟੀਵੀ ਚੋਰੀ ਕੀਤੇ। ਚੋਰੀ ਕੀਤੇ ਟੀਵੀ ਅੱਗੇ ਵੇਚਣ ਲਈ ਬਨੂੜ ਇਲਾਕੇ ਵਿੱਚ ਲੁਕਾਏ ਗਏ ਸਨ ਅਤੇ ਕੈਂਟਰ ਨੂੰ ਸੈਕਟਰ-82 ਮੁਹਾਲੀ ਵਿਖੇ ਲਾਵਾਰਿਸ ਹਾਲਤ ਵਿੱਚ ਖੜ੍ਹਾ ਕਰ ਦਿੱਤਾ ਗਿਆ ਸੀ।

ਫ਼ਰਾਰ ਚੱਲ ਰਹੇ ਦੋ ਮੁਲਜ਼ਮਾਂ ਮਨਜੀਤ ਸਿੰਘ ਅਤੇ ਸ਼ਲੀਨ ਸਿੰਗਲਾ ਦੀ ਭਾਲ ਜਾਰੀ ਹੈ, ਜਿਨ੍ਹਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਬਾਕੀ ਰਹਿੰਦੇ ਟੀਵੀ ਵੀ ਬਰਾਮਦ ਕਰ ਲਏ ਜਾਣਗੇ। ਉਹਨਾਂ ਦੱਸਿਆ ਕਿ ਕਾਬੂ ਕੀਤੇ ਗਏ ਵਿਅਕਤੀਆਂ ਵਿੱਚੋਂ ਸਾਹਿਲ ਉਰਫ਼ ਸੋਨੂੰ ਖ਼ਿਲਾਫ਼ ਪਹਿਲਾਂ ਵੀ ਥਾਣਾ ਮਟੌਰ ਅਤੇ ਜ਼ੀਰਕਪੁਰ ਵਿੱਚ ਚੋਰੀ ਦੇ ਦੋ ਮਾਮਲੇ ਦਰਜ ਹਨ। ਦੂਜਾ ਮੁਲਜਮ ਦੀਪਕ ਜ਼ੀਰਕਪੁਰ ਵਿਖੇ ਇਕ ਡਰਾਈ ਫਰੂਟ ਦੀ ਦੁਕਾਨ ਵਿੱਚ ਹੋਈ ਚੋਰੀ ਦੇ ਮਾਮਲੇ ਵਿੱਚ ਭਗੌੜਾ ਚੱਲ ਰਿਹਾ ਸੀ। ਪੁਲੀਸ ਅਨੁਸਾਰ ਗ੍ਰਿਫ਼ਤਾਰ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲੀਸ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ।

ਬੱਚਿਆਂ ਦਾ ਕੋਨਾ


ਰੰਗ ਭਰੋ



ਸੁਡੋਕੂ

7	4	8				6		
9	1		7			5		
2	5	3						8
4	2			1				6
1		9	5	2				4
3	8	5	6		9			7
5	3	4	8	6				1
	9		4	7	3	2		5

ਮੰਜ਼ਿਲ ਤੱਕ ਪਹੁੰਚਾਓ



ਅੰਤਰ ਲੱਭੋ



ਨਸ਼ਿਆਂ ਖਿਲਾਫ 5 ਕਿਲੋਮੀਟਰ ਦੀ ਮੈਰਾਥਾਨ ਦੌੜ ਕਰਵਾਈ



ਐਸ.ਏ. ਐਸ ਨਗਰ, 18 ਨਵੰਬਰ
(ਪੈ.ਗਾਮ-ਏ-ਜਗਤ)

ਟ੍ਰੈਫਿਕ ਪੁਲੀਸ ਵਲੋਂ ਸਟੂਡੈਂਟ ਪੁਲੀਸ ਕੈਡਿਟ ਸਕੀਮ ਤਹਿਤ ਡੀ.ਐਸ.ਪੀ. ਟ੍ਰੈਫਿਕ ਸ੍ਰੀ ਕਰਨੈਲ ਸਿੰਘ, ਜਿਲ੍ਹਾ ਸਾਂਝ ਕੇਂਦਰ ਐਸ. ਏ. ਐਸ. ਨਗਰ ਦੇ ਇੰਚਾਰਜ ਇੰਸਪੈਕਟਰ ਜੈਦੀਪ ਜਾਖੜ ਅਤੇ ਸਮੂਹ ਸਾਂਝ ਸਟਾਫ ਵਲੋ ਪਿੰਡ ਗੀਗੇਮਾਜਰਾ ਵਿਖੇ ਵੱਖ-2 ਸਕੂਲਾਂ ਦੇ ਲਗਭਗ 400 ਵਿਦਿਆਰਥੀਆ ਦੀ ਨਸ਼ਿਆਂ ਖਿਲਾਫ ਅਤੇ ਚੰਗੀ ਸਿਹਤ ਲਈ 5 ਕਿਲੋਮੀਟਰ ਮੈਰਾਥਾਨ ਦੌੜ ਕਰਵਾਈ ਗਈ। ਇਸ ਮੌਕੇ ਪਹਿਲੇ, ਦੂਜੇ ਅਤੇ ਤੀਜੇ ਸਥਾਨ ਪ੍ਰਾਪਤ ਕਰਨ ਵਾਲੇ 3 ਲੜਕੇ ਅਤੇ 3 ਲੜਕੀਆਂ ਨੂੰ ਮੈਡਲ ਅਤੇ ਪ੍ਰਸ਼ੰਸ਼ਾਂ ਪੱਤਰ ਦੇ ਕੇ ਹੌਂਸਲਾ ਵਧਾਇਆ ਗਿਆ।

ਸਕੂਲਾਂ ਦੇ ਪ੍ਰਿੰਸੀਪਲ ਸਾਹਿਬਾਨਾਂ ਵਲੋਂ ਮੈਰਾਥਾਨ ਦੌੜ ਕਰਵਾਉਣ ਲਈ ਪੁਲੀਸ ਪ੍ਰਸ਼ਾਸ਼ਨ ਦਾ ਧੰਨਵਾਦ ਕੀਤਾ ਗਿਆ।

ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਮੁਹਾਲੀ ਤੋਂ 2 ਬੱਸਾਂ ਰਵਾਨਾ

ਹਲਕਾ ਵਿਧਾਇਕ ਕੁਲਵੰਤ ਸਿੰਘ ਨੇ ਵਿਖਾਈ ਹਰੀ ਝੰਡੀ

ਐਸ ਏ ਐਸ ਨਗਰ, 18 ਨਵੰਬਰ
(ਪੈ.ਗਾਮ-ਏ-ਜਗਤ)

ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਮੁਹਾਲੀ ਤੋਂ 2 ਬੱਸਾਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਥਿਤ ਪਵਿੱਤਰ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਰਵਾਨਾ ਕੀਤਾ ਗਿਆ। ਸਥਾਨਕ ਫੇਜ਼-ਇੱਕ ਸਥਿਤ ਗੁਰਦੁਆਰਾ ਸ਼੍ਰੀ ਸਿੰਘ ਸਭਾ ਅਤੇ ਪਿੰਡ ਮੋਟੇਮਾਜਰਾ ਤੋਂ ਗਈਆਂ ਇਹਨਾਂ ਬਸਾਂ ਨੂੰ ਹਲਕਾ ਵਿਧਾਇਕ ਕੁਲਵੰਤ ਸਿੰਘ ਵਲੋਂ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ।

ਇਸ ਮੌਕੇ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਹ ਯੋਜਨਾ ਲੋਕਾਂ ਨੂੰ ਆਪਣੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਦਾ ਮੌਕਾ ਪ੍ਰਦਾਨ



ਕਰਨ ਲਈ ਇੱਕ ਮਹੱਤਵਪੂਰਨ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਅਕਸਰ ਬਜ਼ੁਰਗਾਂ ਅਤੇ ਆਮ ਪਰਿਵਾਰਾਂ ਦੀ ਇਹ ਇੱਛਾ ਹੁੰਦੀ ਹੈ ਕਿ ਉਹ ਸ੍ਰੀ ਹਰਿਮੰਦਰ ਸਾਹਿਬ ਸਮੇਤ ਹੋਰ ਪਵਿੱਤਰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ, ਪਰ ਕਈ ਵਾਰ ਆਰਥਿਕ ਜਾਂ ਹੋਰ ਕਾਰਨਾਂ ਕਰਕੇ ਉਹ ਆਪਣੀ ਇਸ ਇੱਛਾ ਨੂੰ ਪੂਰਾ ਨਹੀਂ ਕਰ ਸਕਦੇ। ਅਜਿਹੇ ਲੋਕਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਸਰਕਾਰ ਵੱਲੋਂ ਇਹ ਯੋਜਨਾ ਲਾਗੂ ਕੀਤੀ ਗਈ ਹੈ।

ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦੀ ਇਸ ਯੋਜਨਾ ਤਹਿਤ ਯੋਗ ਸ਼ਰਧਾਲੂਆਂ ਦੇ ਆਉਣ-ਜਾਣ, ਰਹਿਣ ਅਤੇ ਖਾਣ-ਪੀਣ ਦੇ ਪ੍ਰਬੰਧ ਸਰਕਾਰ ਵੱਲੋਂ ਕੀਤੇ ਜਾਂਦੇ ਹਨ, ਤਾਂ ਜੋ ਕਿਸੇ ਵੀ ਯੋਗ ਵਿਅਕਤੀ ਨੂੰ ਆਰਥਿਕ ਮਜਬੂਰੀ ਕਾਰਨ ਧਾਰਮਿਕ ਯਾਤਰਾ ਤੋਂ ਵਾਂਝਾ ਨਾ ਰਹਿਣਾ ਪਵੇ। ਉਨ੍ਹਾਂ ਕਿਹਾ ਕਿ ਸਰਕਾਰ ਦਾ ਉਦੇਸ਼ ਧਾਰਮਿਕ ਆਸਥਾ ਦਾ ਸਤਿਕਾਰ ਕਰਦਿਆਂ ਲੋਕਾਂ ਨੂੰ ਸੁਵਿਧਾਜਨਕ ਅਤੇ ਸੁਰੱਖਿਅਤ ਯਾਤਰਾ ਮੁਹੱਈਆ ਕਰਵਾਉਣਾ ਹੈ। ਇਸ ਮੌਕੇ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਹਲਕਾ ਕੋਆਰਡੀਨੇਟਰ ਫੂਲਰਾਜ ਸਿੰਘ, ਸੀਨੀਅਰ ਡਿਪਟੀ ਮੇਅਰ ਆਰ ਪੀ ਸ਼ਰਮਾ, ਸੀਨੀਅਰ ਆਪ ਆਗੂ ਕੁਲਦੀਪ ਸਿੰਘ ਸਮਾਣਾ, ਹਰਬਿੰਦਰ ਸਿੰਘ ਅਤੇ ਗੁਰਮੀਤ ਕੌਰ (ਦੋਵੇਂ ਐਮ ਸੀ), ਰੇਨੂੰ ਸੂਦ, ਪਰਿਵਾਰ ਸਿੰਘ (ਲਾਡੀ) ਸਾਬਕਾ ਸਰਪੰਚ ਕਰਮਜੀਤ ਕੌਰ ਸਰਪੰਚ, ਰਾਜ ਕੌਰ ਮੈਂਬਰ ਪੰਚਾਇਤ, ਗੁਰਬੰਤ ਸਿੰਘ (ਬਿੱਲਾ) ਪ੍ਰਧਾਨ ਸੁੱਖ ਸੁਧਾਰ ਕਮੇਟੀ, ਬਲਵਿੰਦਰ ਸਿੰਘ ਸੋਸਲ ਵਰਕਰ, ਮਨਿੰਦਰਜੀਤ ਸਿੰਘ (ਐਮ ਸੀ), ਮੁਖਤਿਆਰ ਸਿੰਘ ਮੈਂਬਰ ਪੰਚਾਇਤ, ਅਮਰਜੀਤ ਸਿੰਘ ਸਿੱਧੂ, ਇਲਾਕੇ ਦੇ ਪਤਵੰਤੇ ਸੱਜਣਾਂ, ਆਮ ਆਦਮੀ ਪਾਰਟੀ ਦੇ ਆਗੂਆਂ, ਵਰਕਰਾਂ ਅਤੇ ਹੋਰ ਸ਼ਖ਼ਸੀਅਤਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਸੀ।

ਫੇਜ਼ 9 ਵਿੱਚ ਲੜਕੀ ਨੂੰ ਖੁਦਕੁਸ਼ੀ ਲਈ ਮਜ਼ਬੂਰ ਕਰਨ ਦੇ ਮਾਮਲੇ ਵਿੱਚ ਪੁਲੀਸ ਵਲੋਂ ਮੁਲਜ਼ਮ ਨੌਜਵਾਨ ਅਤੇ ਉਸਦਾ ਪਿਤਾ ਗ੍ਰਿਫ਼ਤਾਰ

ਐਸ ਏ ਐਸ ਨਗਰ, 18 ਨਵੰਬਰ
(ਪੈ.ਗਾਮ-ਏ-ਜਗਤ)

ਮੁਹਾਲੀ ਪੁਲੀਸ ਨੇ ਸਥਾਨਕ ਫੇਜ਼-9 ਵਿਖੇ ਕਿਰਾਏ ਦੇ ਮਕਾਨ ਵਿੱਚ ਰਹਿ ਰਹੀ 19 ਸਾਲਾ ਲੜਕੀ ਦੀ ਖ਼ੁਦਕੁਸ਼ੀ ਦੇ ਮਾਮਲੇ ਵਿੱਚ ਉਸ ਦੇ ਪ੍ਰੇਮੀ ਅਤੇ ਉਸ ਦੇ ਮਾਪਿਆਂ ਖ਼ਿਲਾਫ਼ ਖੁਦਕੁਸ਼ੀ ਲਈ ਮਜਬੂਰ ਕਰਨ ਦੇ ਦੋਸ਼ ਹੇਠ ਕੇਸ ਦਰਜ ਕਰਕੇ ਮੁਲਜ਼ਮ ਨੌਜਵਾਨ ਅਤੇ ਉਸਦੇ ਪਿਤਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀ ਐਸ ਪੀ ਸਿਟੀ 2 ਹਰਸਿਮਰਨ ਸਿੰਘ ਬੱਲ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਮ੍ਰਿਤਕਾ ਨੇ ਮੌਤ ਤੋਂ ਪਹਿਲਾਂ ਮੋਬਾਈਲ ਫੋਨ ਵਿੱਚ ਵੀਡੀਓ ਰਿਕਾਰਡ ਕਰਕੇ ਨੌਜਵਾਨ ਅਤੇ ਉਸ ਦੇ ਪਰਿਵਾਰ ਨੂੰ ਆਪਣੀ ਮੌਤ ਲਈ ਜ਼ਿੰਮੇਵਾਰ ਠਹਿਰਾਇਆ ਸੀ। ਇਸ ਸੰਬੰਧੀ ਥਾਣਾ ਫੇਜ਼-8 ਵਿਖੇ ਪੁਲੀਸ ਨੂੰ ਦਿੱਤੀ ਸ਼ਿਕਾਇਤ ਵਿੱਚ ਮ੍ਰਿਤਕਾ ਦੇ ਪਿਤਾ ਜੱਗਾ ਸਿੰਘ ਵਾਸੀ ਮਾਨਸਾ ਨੇ ਦੱਸਿਆ ਸੀ ਕਿ ਉਸ ਦੀ ਛੋਟੀ ਧੀ ਕਰੀਬ 10 ਮਹੀਨੇ ਪਹਿਲਾਂ ਰੁਜ਼ਗਾਰ ਲਈ ਮੁਹਾਲੀ ਆਈ ਸੀ ਅਤੇ ਉਹ



ਆਪਣੀ ਵੱਡੀ ਭੈਣ ਨਾਲ ਫੇਜ਼-9 ਵਿੱਚ ਕਿਰਾਏ ਦੇ ਮਕਾਨ ਵਿੱਚ ਰਹਿੰਦੀ ਸੀ। ਸ਼ਿਕਾਇਤਕਰਤਾ ਅਨੁਸਾਰ ਫੇਜ਼ 8 ਸਥਿਤ ਡੀ ਮਾਰਟ ਵਿੱਚ ਕੰਮ ਕਰਦਿਆਂ ਉਸ ਦੀ ਜਾਣ-ਪਛਾਣ ਚੰਡੀਗੜ੍ਹ ਦੇ ਸੈਕਟਰ-37 ਸੀ ਦੇ ਰਹਿਣ ਵਾਲੇ ਤੁਸ਼ਾਰ ਨਾਲ ਹੋਈ ਸੀ ਅਤੇ ਦੋਵੇਂ ਵਿਆਹ ਕਰਵਾਉਣਾ ਚਾਹੁੰਦੇ ਸਨ।

ਸ਼ਿਕਾਇਤ ਕਰਤਾ ਅਨੁਸਾਰ ਇਸ ਸੰਬੰਧੀ ਪਹਿਲਾਂ ਨੌਜਵਾਨ ਦੇ ਪਰਿਵਾਰ ਨੇ ਵੀ ਸਹਿਮਤੀ ਦਿੱਤੀ ਸੀ। ਪਰੰਤੂ ਕੁਝ ਸਮੇਂ ਬਾਅਦ ਤੁਸ਼ਾਰ ਅਤੇ ਉਸ ਦੇ ਮਾਪਿਆਂ ਨੇ ਵਿਆਹ ਕਰਵਾਉਣ ਤੋਂ ਇਨਕਾਰ ਕਰ ਦਿੱਤਾ, ਇਸ ਤੋਂ ਬਾਅਦ ਉਹਨਾਂ ਦੀ ਧੀ ਮਾਨਸਿਕ ਤਣਾਅ ਵਿੱਚ ਰਹਿਣ ਲੱਗੀ ਅਤੇ ਉਸਨੇ 14 ਨਵੰਬਰ ਦੀ ਰਾਤ ਕੋਮਲ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ।

ਮ੍ਰਿਤਕ ਦੇ ਪਿਤਾ ਅਨੁਸਾਰ ਕਮਰੇ ਵਿੱਚ ਪਏ ਫੋਨ ਵਿੱਚ ਮਿਲੀ ਵੀਡੀਓ ਵਿੱਚ ਉਹਨਾਂ ਦੀ ਬੇਟੀ ਨੇ ਤੁਸ਼ਾਰ ਦੇ ਪਰਿਵਾਰ ਵੱਲੋਂ ਰਿਸ਼ਤੇ ਤੋਂ ਇਨਕਾਰ ਕੀਤੇ ਜਾਣ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੂੰ ਆਪਣੀ ਮੌਤ ਲਈ ਜ਼ਿੰਮੇਵਾਰ ਦੱਸਿਆ ਸੀ। ਸ੍. ਬੱਲ ਨੇ ਦੱਸਿਆ ਕਿ ਇਸ ਮਾਮਲੇ ਤੇ ਕਾਰਵਾਈ ਕਰਦਿਆਂ ਪੁਲੀਸ ਨੇ ਤੁਸ਼ਾਰ, ਉਸ ਦੇ ਪਿਤਾ ਸੰਤੋਸ਼ ਕੁਮਾਰ ਅਤੇ ਮਾਤਾ ਰੰਜਨਾ ਖ਼ਿਲਾਫ਼ ਬੀ ਐਨ ਐਸ ਦੀ ਧਾਰਾ 108 ਤਹਿਤ ਮਾਮਲਾ ਦਰਜ ਕੀਤਾ ਹੈ। ਉਹਨਾਂ ਦੱਸਿਆ ਕਿ ਸੰਤੋਸ਼ ਕੁਮਾਰ ਨੂੰ 15 ਨਵੰਬਰ ਨੂੰ ਗ੍ਰਿਫ਼ਤਾਰ ਕਰਕੇ 2 ਦਿਨਾਂ ਦਾ ਪੁਲੀਸ ਰਿਮਾਂਡ ਹਾਸਿਲ ਕੀਤਾ ਗਿਆ ਹੈ ਅਤੇ 16 ਨਵੰਬਰ ਨੂੰ ਤੁਸ਼ਾਰ ਨੂੰ ਗ੍ਰਿਫ਼ਤਾਰ ਕਰਕੇ 1 ਦਿਨ ਦਾ ਰਿਮਾਂਡ ਹਾਸਿਲ ਕੀਤਾ ਗਿਆ ਹੈ ਜਦੋਂਕਿ ਤੁਸ਼ਾਰ ਦੀ ਮਾਂ ਰੰਜਨਾ ਦੀ ਗ੍ਰਿਫ਼ਤਾਰੀ ਅਜੇ ਬਾਕੀ ਹੈ।

ਗੁ: ਸਿੰਘ ਸ਼ਹੀਦਾਂ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਮਾਗਮ 20 ਤੋਂ 24 ਨਵੰਬਰ ਤੱਕ

ਐਸ ਏ ਐਸ ਨਗਰ, 18 ਨਵੰਬਰ
(ਪੈ.ਗਾਮ-ਏ-ਜਗਤ)

ਅਮਰ ਸ਼ਹੀਦ ਜੱਥੇਦਾਰ ਬਾਬਾ ਹਨੂੰਮਾਨ ਸਿੰਘ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 557ਵੇਂ ਪ੍ਰਕਾਸ਼ ਪੁਰਬ ਸਮਾਗਮ 20 ਤੋਂ 24 ਨਵੰਬਰ ਤੱਕ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਕਰਵਾਏ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਇਨਾਂ ਸਮਾਗ